13

# ਸ਼ੈਤਾਨ ਨਾਲ ਕੀ ਕਰੀਏ, ਕੀ ਨਾ ਕਰੀਏ

## (4:15-31)

ਹੁਣ ਤਕ ਅਸੀਂ ਚਾਰ ਸੁਝਾਅ ਵੇਖ ਚੁੱਕੇ ਹਾਂ ਕਿ ਜਦ ਸ਼ੈਤਾਨ ਸਾਨੂੰ ਨਾਸ਼ ਕਰਨ ਦੀ ਕੋਸ਼ਿਸ਼ ਕਰੇ ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ: (1) ਹੈਰਾਨ ਨਾ ਹੋਵੋ, (2) ਹਿੰਮਤ ਨਾ ਹਾਰੋ, (3) ਸ਼ੈਤਾਨ ਦੇ ਹੱਥਾਂ ਦੀ ਕਠਪੁਤਲੀ ਨਾ ਬਣੋ ਅਤੇ (4) ਆਪਣੇ ਬਾਰੇ ਭੁੱਲ ਜਾਓ। ਕਲੀਸੀਆ ਲਈ ਪਹਿਲੇ ਚਾਰ ਸੁਝਾਵਾਂ ਨੂੰ ਦੱਸਣ ਦੇ ਬਾਅਦ, ਅਸੀਂ ਵਚਨ ਵਿੱਚੋਂ ਪੰਜ ਹੋਰ ਸੁਝਅ ਕੱਢਣਾ ਚਾਹੁੰਦੇ ਹਾਂ।

### ਸ਼ੈਤਾਨ ਤੋਂ ਈਮਾਨਦਾਰੀ ਦੀ ਆਸ ਨਾ ਰੱਖੋ (4:15-17)

ਪਤਰਸ ਵੱਲੋਂ ਸਫ਼ਾਈ ਦਿੱਤੇ ਜਾਣ ਦੇ ਬਾਅਦ ਸਭਾ ਖ਼ਮੋਸ਼ ਅਤੇ ਅਚਰਜ ਰਹਿ ਗਈ ਸੀ। ਅਖ਼ੀਰ ਵਿਚ ਪਰੇਸ਼ਾਨ ਕਰਨ ਵਾਲੀ ਖਮੋਸ਼ੀ ਉਦੋਂ ਟੁੱਟੀ ਜਦ ਕਿਸੇ ਦੇ ਸੁਝਾਅ ਤੇ ਉਨ੍ਹਾਂ ਨੇ ਗੁਪਤ ਬੈਠਕ ਕੀਤੀ। ''ਪਰ ਓਹਨਾਂ ਨੂੰ ਸਭਾ ਤੋਂ ਬਾਹਰ[1] ਜਾਣ ਦਾ ਹੁਕਮ ਦੇ ਕੇ ਆਪਸ ਵਿਚ ਮਤਾ ਪਕਾਉਣ ਲੱਗੇ ਹਨ'' (ਆਇਤ 15)।[2]

ਉਨ੍ਹਾਂ ਨੇ ਇਸ ਵਿਸ਼ੇ ਤੇ ਵਿਚਾਰ ਕੀਤਾ *ਹੋਵੇਗਾ* ਕੀ ਮਸੀਹ ਨੂੰ ਸਲੀਬ ਤੇ ਚੜ੍ਹਾਉਣ ਦੇ ਭਿਅੰਕਰ ਪਾਪ ਤੋਂ ਕਿਵੇਂ ਛੁੱਟ ਸਕਦੇ ਸਨ। ਜਿਵੇਂ ਪਤਰਸ ਦੇ ਸੁਣਨ ਵਾਲਿਆਂ ਨੇ ਸ਼ੁਰੂ ਵਿਚ ਪੁੱਛਿਆ ਸੀ, ਉਨ੍ਹਾਂ ਨੂੰ ਵੀ ਉਹੀ ਸਵਾਲ ਪੁੱਛਣਾ *ਚਾਹੀਦਾ* ਸੀ ਕਿ ''ਅਸੀਂ ਕੀ ਕਰੀਏ?'' (2:37)। ਪਰ ਇਹ ਗਲਤੀ ਕਰਨ ਵਿਚ ਉਨ੍ਹਾਂ ਦਾ ਸੁਆਰਥ ਸੀ। ਜੇ ਉਹ ਮੰਨ ਲੈਂਦੇ ਕਿ ਯਿਸੂ ਹੀ ਮਸੀਹ ਹੈ, ਤਾਂ ਛੇਤੀ ਹੀ ਉਨ੍ਹਾਂ ਦੇ ਥਾਂ ਕੋਈ ਹੋਰ ਨਵਾਂ ਮਹਾਯਾਜਕ ਅਤੇ ਸਭਾ ਬਣ ਜਾਂਦੇ ਅਤੇ ਉਨ੍ਹਾਂ ਦੇ ਅਧਿਕਾਰ ਖੋਹ ਲਏ ਜਾਂਦੇ, ਉਹ ਬੇਕਾਰ ਹੋ ਜਾਂਦੇ! ਉਹ ਘੁਮੰਡ, ਪੂਰਵਧਾਰਣਾ ਅਤੇ ਵਿਹਾਰਕਤਾ ਦੀ ਰੁਕਾਵਟ ਨੂੰ ਹਟਾ ਨਹੀਂ ਸਕੇ। ਬਜਾਏ ਇਹ ਪੁੱਛਣ ਦੇ ਕਿ ਉਹ ਆਪਣੀ ਉਸ ਖ਼ਤਰਨਾਕ ਗ਼ਲਤੀ ਨੂੰ ਕਿਵੇਂ ਸੁਧਾਰ ਸਕਦੇ ਹਨ ਉਨ੍ਹਾਂ ਨੇ ਇਹ ਪੁੱਛਿਆ ਕਿ ''ਅਸੀਂ ਇਨ੍ਹਾਂ ਮਨੁੱਖਾਂ ਨਾਲ ਕੀ ਕਰੀਏ?'' (ਆਇਤ 16)।

ਬੰਦ ਦਰਵਾਜ਼ਿਆਂ ਦੇ ਪਿੱਛੇ, ਉਹ ਖੁੱਲ੍ਹ ਕੇ ਬੋਲ ਸਕਦੇ ਸਨ: ''ਕਿਉਂਕਿ ਇਹ ਜੋ ਉਨ੍ਹਾਂ (ਪਤਰਸ ਅਤੇ ਯੂਹੰਨਾ) ਤੋਂ ਇਕ ਪਰਤੱਖ ਨਿਸ਼ਾਨ ਹੋਇਆ ਯਰੂਸ਼ਲਮ ਦੇ ਸਾਰੇ ਰਹਿਣ ਵਾਲਿਆਂ ਉੱਤੇ ਪ੍ਰਗਟ ਹੈ ਅਤੇ ਅਸੀਂ ਇਸ ਤੋਂ ਮੁੱਕਰ ਨਹੀਂ ਸਕਦੇ'' (ਆਇਤ 16)। ਅੱਜ ਦੇ ਨਾਮਨਿਹਾਦ ਮੋਅਜਜ਼ਿਆਂ ਦੇ ਉਲਟ, ਨਵੇਂ ਨੇਮ ਵਿਚ ਲਿਖੇ ਮੋਅਜਜ਼ੇ ਓਸੇ ਵੇਲੇ, ਪੂਰਣ ਤੌਰ ਤੇ

ਹੁੰਦੇ ਸਨ ਅਤੇ ਉਨ੍ਹਾਂ ਨੂੰ ਵੇਖ ਕੇ ਨਾਸਤਿਕ ਵੀ ਉਨ੍ਹਾਂ ਤੋਂ ਮੁੱਕਰ ਨਹੀਂ ਹੋ ਸਕਦੇ ਸਨ![3]

ਸਭਾ ਦੇ ਲੋਕਾਂ ਨੂੰ *ਪਤਾ* ਸੀ ਕਿ ਉਹ ਆਦਮੀ ਚੰਗਾ ਹੋਇਆ ਹੈ; ਇਸ ਲਈ ਉਨ੍ਹਾਂ ਨੂੰ *ਪਤਾ ਸੀ* ਕਿ ਪਤਰਸ ਅਤੇ ਯੂਹੰਨਾ ਦੀ ਗਵਾਹੀ ਸੱਚੀ ਹੈ; ਇਸ ਲਈ ਉਨ੍ਹਾਂ ਨੂੰ *ਪਤਾ ਸੀ* ਕਿ ਯਿਸੂ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ! ਫਿਰ ਵੀ, ਉਨ੍ਹਾਂ ਦਾ ਇਹੀ ਸਵਾਲ ਸੀ ਕਿ ''ਅਸੀਂ ਇਨ੍ਹਾਂ ਮਨੁੱਖਾਂ ਨਾਲ ਕੀ ਕਰੀਏ?'' ਅਤੇ ਉਨ੍ਹਾਂ ਨੂੰ ਸਿਰਫ਼ ਇਸੇ ਗੱਲ ਦੀ ਫ਼ਿਕਰ ਸੀ ਕਿ ਮਸੀਹੀਅਤ ਨੂੰ ਫੈਲਣ ਤੋਂ ਕਿਵੇਂ ਰੋਕਿਆ ਜਾਵੇ (ਆਇਤ 17)। ਇੱਥੇ ਉਨ੍ਹਾਂ ਦੀ ਬੁਰਿਆਈ ਸਾਹਮਣੇ ਆ ਰਹੀ ਸੀ! ''ਹੁਣ ਉਹ ਇਕ ਦੂਜੇ ਵੱਲ ਕਿਸ ਮੂੰਹ ਨਾਲ ਵੇਖਦੇ ਹੋਣਗੇ, ਇਹ ਇਕ ਨੈਤਿਕ ਪਹੇਲੀ ਸੀ। ਸ਼ਾਇਦ ਉਨ੍ਹਾਂ ਨੂੰ ਪਤਾ ਨਹੀਂ ਲੱਗਿਆ।''

ਧਿਆਨ ਦਿਓ ਕਿ ''ਪਰਤੱਖ'' ਨਿਸ਼ਾਨ ਵੀ ਸਖ਼ਤ ਮਨਾਂ ਨੂੰ ਬਦਲ ਨਹੀਂ ਸਕਿਆ। ਅੱਜ ਕੁਝ ਲੋਕ ਕਹਿੰਦੇ ਹਨ ਕਿ ਪਾਪ ਦੇ ਬੀਮਾਰ ਨੂੰ ਪ੍ਰਮੇਸ਼ਵਰ ਕੋਲ ਲਿਜਾਣ ਲਈ ''ਮੋਅਜਜ਼ੇ'' ਹੋਣੇ ਚਾਹੀਦੇ ਹਨ। ਪਰ, ਮੋਅਜਜ਼ੇ ਕਦੇ ਵੀ ''ਮੁਕਤੀ ਲਈ ਪ੍ਰਮੇਸ਼ਵਰ ਦੀ ਸ਼ਕਤੀ'' ਨਹੀਂ ਹੋਏ; ਉਹ ਸ਼ਕਤੀ *ਇੰਜੀਲ* ਹੀ ਹੈ (ਰੋਮੀਆਂ 1:16)! ਸਾਨੂੰ ''ਹੋਰ ਮੋਅਜਜ਼ੇ'' ਨਹੀਂ ਸਗੋਂ ਖੁਸ਼ਖ਼ਬਰੀ ਦੇ ਹੋਰ ਪ੍ਰਚਾਰ ਦੀ ਲੋੜ ਹੈ!

ਸਾਨੂੰ ਨਹੀਂ ਪਤਾ ਕਿ ਇਨ੍ਹਾਂ ਨਿਰਦੋਸ਼ ਲੋਕਾਂ ਬਾਰੇ ਉਲਝਣ ਵਿਚ ਪਈ ਸਭਾ ਨੇ ਕਿੰਨੀ ਦੇਰ ਤਕ ਵਿਚਾਰ ਵਟਾਂਦਰਾ ਕੀਤਾ ਹੋਵੇਗਾ। ਅਖ਼ੀਰ ਵਿਚ, ਕਿਸੇ ਨੇ ਸੁਝਾਅ ਦਿੱਤਾ ਕਿ ''ਅਸੀਂ ਓਹਨਾਂ ਨੂੰ ਦਬਕਾਈਏ ਜੋ ਓਹ ਐਸ ਨਾਮ ਦਾ ਫੇਰ ਕਿਸੇ ਮਨੁੱਖ ਨਾਲ ਚਰਚਾ ਨਾ ਕਰਨ'' (ਆਇਤ 17)। ਪਤਰਸ ਅਤੇ ਯੂਹੰਨਾ ਭਾਵੇਂ ਬੜੀ ਦਲੇਰੀ ਨਾਲ ਬੋਲੇ ਸਨ, ਫਿਰ ਵੀ ਯਹੂਦੀ ਆਗੂ ਉਨ੍ਹਾਂ ਨੂੰ ਅਤੇ ਦੂਜੇ ਰਸੂਲਾਂ ਨੂੰ ਧਮਕਾਉਣ ਦੀ ਸੋਚ ਰਹੇ ਸਨ। ਆਖ਼ਰ, ਕੁਝ ਸਮਾਂ ਪਹਿਲਾਂ ਦੀ ਤਾਂ ਗੱਲ ਸੀ, ਜਦ ਯਿਸੂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਤਾਂ ਇਹੀ ਰਸੂਲ ਡਰਦੇ ਮਾਰੇ ਭੱਜ ਨਹੀਂ ਗਏ ਸਨ। ਉਨ੍ਹਾਂ ਨੇ ਉਨ੍ਹਾਂ ਨੂੰ ਇਹ ਕਹਿ ਕੇ ਚਿਤਾਵਨੀ ਦੇਣ ਦਾ ਫ਼ੈਸਲਾ ਕੀਤਾ ਕਿ ਯਿਸੂ ਦੇ ਨਾਮ ਨਾਲ ''ਫੇਰ ਕਿਸੇ ਮਨੁੱਖ ਨਾਲ ਚਰਚਾ ਨਾ ਕਰਨ।''

ਇਕ ਪਲ ਲਈ ਉਨ੍ਹਾਂ ਸ਼ਬਦਾਂ ਤੇ ਵਿਚਾਰ ਕਰੋ: ''ਫੇਰ ਕਿਸੇ ਮਨੁੱਖ ਨਾਲ ਚਰਚਾ ਨਾ ਕਰਨਾ।'' ਸਭਾ ਪਤਰਸ ਅਤੇ ਯੂਹੰਨਾ ਨੂੰ ਇਹ ਹੁਕਮ ਦੇਣਾ ਚਾਹੁੰਦੀ ਸੀ ਕਿ ''ਕਦੇ ਯਿਸੂ ਦੇ ਨਾਮ ਉੱਤੇ ਨਾ ਕੂਣਾ ਨਾ ਸਿੱਖਿਆ ਦੇਣੀ'' (ਆਇਤ 18)। ਉਹ ਆਮ ਲੋਕਾਂ ਅਤੇ ਏਕਾਂਤ ਥਾਂਵਾਂ ਵਿਚ ਯਿਸੂ ਦੇ ਨਾਮ ਦੇ ਜ਼ਿਕਰ ਤੇ ਵੀ *ਪੂਰੀ ਪਾਬੰਦੀ*ਲਾ ਦੇਣਾ ਚਾਹੰਦੇ ਸਨ। ਉਨ੍ਹਾਂ ਦੀ ਯੋਜਨਾ ਯਿਸੂ ਦੇ ਨਾਮ ਤੋਂ ਕਿਤੇ ਵਧ ਕੇ, ਕਿਸੇ ਵੀ ਤਰ੍ਹਾਂ, ਕਿਸੇ ਵੀ ਸਮੇਂ ਅਤੇ ਕਿਸੇ ਵੀ ਥਾਂ ਤੇ ਬੋਲਣ ਦੀ ਪਾਬੰਦੀ ਲਾਉਣ ਦੀ ਸੀ! ਜੇ ਰਸੂਲਾਂ ਅਤੇ ਦੂਜੇ ਮਸੀਹੀਆਂ ਨੇ ਉਨ੍ਹਾਂ ਦੇ ਇਸ ਹੁਕਮ ਨੂੰ ਮੰਨ ਲਿਆ ਹੁੰਦਾ ਤਾਂ ਯਿਸੂ ਦਾ ਨਾਮ ਕਦੇ ਕਿਸੇ ਨੇ ਇਸ ਧਰਤੀ ਤੇ ਸੁਣਨਾ ਨਹੀਂ ਸੀ!

ਹੋ ਸਕਦਾ ਹੈ ਕਿ ਅਸੀਂ ਵਿਰੋਧ ਕਰਨ ਲਈ ਉੱਠ ਖੜੇ ਹੋਈਏ, ''ਜ਼ਰਾ ਰੁਕੋ! ਸਭਾ ਕੋਲ ਇਸ ਤਰ੍ਹਾਂ ਦੀ ਬੇਤੁਕੀ ਮੰਗ ਕਰਨ ਦਾ ਕੋਈ ਇਖ਼ਤਿਆਰ ਨਹੀਂ ਸੀ! ਪਤਰਸ ਅਤੇ ਯੂਹੰਨਾ ਨੇ ਕੋਈ ਕਾਨੂੰਨ ਨਹੀਂ ਤੋੜਿਆ ਸੀ ਅਤੇ ਉਹ ਕਿਸੇ ਸਜ਼ਾ ਦੇ ਅਧਿਕਾਰੀ ਵੀ ਨਹੀਂ ਸਨ। ਉਨ੍ਹਾਂ ਦੀ ਯੋਜਨਾ ਸੱਚੇ ਮਨ ਨਾਲ ਨਹੀਂ ਸੀ!'' ਕਿਸ ਨੇ ਕਿਹਾ ਕਿ ਸ਼ੈਤਾਨ ਈਮਾਨਦਾਰ ਹੈ? ਵਰ੍ਹਿਆਂ ਤੋਂ ਮੈਂ ਵੇਖਿਆ ਹੈ ਕਿ ਦੁਸ਼ਟ ਲੋਕਾਂ ਨਾਲ ਪੇਸ਼ ਆਉਣ ਸਮੇਂ ਮਸੀਹੀ ਲੋਕ ਉਲਝਣ ਵਿਚ ਪੈ ਜਾਂਦੇ ਹਨ ਅਤੇ ਨਿਰਾਸ਼ ਹੋ ਜਾਂਦੇ ਹਨ। ਮੈਂ ਇਹ ਜਜ਼ਬਾਤ ਵੀ ਸੁਣੇ ਹਨ, ''ਮੈਨੂੰ ਇਹ (ਉਹਦੀ) ਗੱਲ ਸਮਝ ਨਹੀਂ ਆਉਂਦੀ!'' ਇਹ ਸ਼ਬਦ ਸੁਣ ਕੇ ਮੈਂ ਅਕਸਰ ਇਹ ਜਵਾਬ ਦਿੰਦਾ ਹਾਂ,

''ਮੈਨੂੰ ਖੁਸ਼ੀ ਹੈ ਕਿ ਤੁਸੀਂ ਇਸ ਨੂੰ *ਨਹੀਂ* ਸਮਝਦੇ। ਇਸ ਤੋਂ ਪਤਾ ਲਗਦਾ ਹੈ ਕਿ *ਤੁਹਾਡਾ* ਮਨ ਦੁਸ਼ਟ ਨਹੀਂ ਹੈ!''[4]

ਜਦ ਸ਼ੈਤਾਨ ਤੁਹਾਨੂੰ ਮੁਸ਼ਕਲ ਵਿਚ ਪਾ ਦਿੰਦਾ ਹੈ, ਅਤੇ ਉਹ ਈਮਾਨਦਾਰੀ ਨਾਲ ਨਹੀਂ ਖੇਡਦਾ ਤਾਂ ਹੈਰਾਨ ਨਾ ਹੋਵੋ। ਇਹੀ ਉਹਦਾ ਸੁਭਾਅ ਹੈ। ਉਸ ਤੋਂ ਦੁਸ਼ਟਪੁਣੇ ਦੀ ਹੀ *ਆਸ* ਰੱਖੋ। ਸਾਵਧਾਨ ਰਹੋ ਕਿ ਕਿਤੇ ਤੁਸੀਂ ਉਹਦੇ ਨਮੂਨੇ ਦਾ ਪਾਲਣ ਨਾ ਕਰਨ ਲੱਗ ਪਵੋ! (ਯਾਦ ਰੱਖੋ: ਉਹਦੇ ਹੱਥਾਂ ਦੀ ਕਠਪੁਤਲੀ ਨਾ ਬਣੋ!)

## ਸ਼ੈਤਾਨ ਨੂੰ ਭੋਰਾ[5] ਵੀ ਥਾਂ ਨਾ ਦਿਓ (4:18-22)

ਸਭਾ ਨੇ ਪਤਰਸ ਅਤੇ ਯੂਹੰਨਾ ਨੂੰ ਕਮਰਿਆਂ ਵਿਚ ਬੁਲਾਇਆ। ''ਤਦ ਓਹਨਾਂ ਨੂੰ ਸੱਦ ਕੇ ਤਕੀਦ ਕੀਤੀ ਭਈ ਕਦੇ ਯਿਸੂ ਦੇ ਨਾਮ ਉੱਤੇ ਨਾ ਕੂਣਾ ਨਾ ਸਿੱਖਿਆ ਦੇਣੀ'' (ਆਇਤ 18)। ਹਲਾਤ ਦੀ ਗੰਭੀਰਤਾ ਨੂੰ ਘੱਟ ਕਰਕੇ ਨਾ ਸਮਝੋ। ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਨੇ ਆਪਣਾ ਫ਼ੈਸਲਾ ਦੇ ਦਿੱਤਾ ਸੀ। ਇਸਰਾਏਲ ਦੀ ਸਭ ਤੋਂ ਸ਼ਕਤੀਸ਼ਾਲੀ ਕਾਨੂੰਨ ਬਣਾਉਣ ਵਾਲੀ ਸੰਸਥਾ ਨੇ ਕਾਨੂੰਨ ਬਣਾ ਦਿੱਤਾ ਸੀ: ਯਿਸੂ ਦੇ ਨਾਮ ਨਾਲ ਬੋਲਣਾ ਜਾਂ ਸਿਖਾਉਣਾ ਹੁਣ ਗੈਰ ਕਾਨੂੰਨੀ ਸੀ!

ਧਿਆਨ ਦਿਓ ਕਿ ਸਭਾ ਨੇ ਇਕੱਠੇ ਹੋਣ ਤੇ ਕੋਈ ਪਾਬੰਦੀ ਨਹੀਂ ਲਾਈ ਸੀ। ਗਾਉਣ ਅਤੇ ਦੁਆ ਕਰਨ ਨੂੰ ਉਨ੍ਹਾਂ ਨੇ ਗੈਰ ਕਾਨੂੰਨੀ ਕਰਾਰ ਨਹੀਂ ਦਿੱਤਾ ਸੀ। ਭਲਾਈ ਦੇ ਕੰਮ ਕਰਨ ਨੂੰ ਉਨ੍ਹਾਂ ਨੇ ਗੈਰ ਕਾਨੂੰਨੀ ਕਰਾਰ ਨਹੀਂ ਦਿੱਤਾ ਸੀ। ਉਨ੍ਹਾਂ ਨੇ ਸਿਰਫ਼ ਯਿਸੂ ਦੇ ਨਾਮ ਤੇ ਬੋਲਣ ਅਤੇ ਸਿੱਖਿਆ ਦੇਣ ਨੂੰ ਗੈਰ ਕਾਨੂੰਨੀ ਕਰਾਰ ਦਿੱਤਾ ਸੀ। ਸ਼ੈਤਾਨ ਨੂੰ ਡਰ ਸਿਰਫ਼ ਇੰਜੀਲ ਤੋਂ ਆਉਂਦਾ ਹੈ। ਉਸ ਨੂੰ ਸਾਡੇ ਇਕੱਠਾ ਹੋਣ, ਬਾਈਬਲ ਕਲਾਸਾਂ ਅਤੇ ਬੰਦਗੀ ਲਈ ਪਰਿਵਾਰਾਂ ਦੇ ਇਕੱਠੇ ਹੋਣ ਤੇ ਕੋਈ ਇਤਰਾਜ਼ ਨਹੀਂ ਹੈ। ਜਦ ਅਸੀਂ ਪਰੋਪਕਾਰ ਦੇ ਕੰਮ ਕਰਕੇ ਕਿਸੇ ਦੀ ਮਦਦ ਕਰਦੇ ਹਾਂ ਤਾਂ ਉਸ ਨੂੰ ਕੋਈ ਪਰੇਸ਼ਾਨੀ ਨਹੀਂ ਹੁੰਦੀ (ਜਦ ਤਕ ਅਸੀਂ ਮਸੀਹ ਦੇ ਨਾਂ ਤੇ ਜ਼ੋਰ ਨਹੀਂ ਦਿੰਦੇ)[6] ਦੂਜੇ ਪਾਸੇ, ਜਦ ਅਸੀਂ ''ਨਿੱਕਲ ਕੇ ਸੜਕਾਂ ਅਤੇ ਪੈਲੀ ਬੰਨਿਆ ਵੱਲ ਜਾ'' ਕੇ (ਲੂਕਾ 14:23), ਲੋਕਾਂ ਨੂੰ ਮਸੀਹ ਵੱਲ ਆਉਣ ਦਾ ਸੱਦਾ ਦਿੰਦੇ ਹਾਂ, ਤਾਂ ਇਸ ਨਾਲ ਉਹਨੂੰ ਘਬਰਾਹਟ ਹੁੰਦੀ ਹੈ! ਉਹਨੂੰ ਪਤਾ ਹੈ ਕਿ ਸਲੀਬ ਉਹਦੀ ਬਰਬਾਦੀ ਹੈ (ਪ੍ਰਕਾਸ਼ ਦੀ ਪੋਥੀ 12:11)! ਦੁੱਖ ਦੀ ਗੱਲ ਹੈ, ਕਿ ਰਸੂਲਾਂ ਨੂੰ ਤਾਂ ਇਹ ਹੁਕਮ ਦੇਣ ਦੀ ਲੋੜ ਪਈ ਸੀ ਕਿ ਯਿਸੂ ਦੇ ਨਾਮ ਨਾਲ ''*ਨਾ ਕੂਣਾ ਨਾ* ਸਿੱਖਿਆ ਦੇਣੀ,'' ਪਰ, ਸਾਡੇ ਵਿੱਚੋਂ ਕਈਆਂ ਨੂੰ ਇਸ ਹੁਕਮ ਦੀ ਲੋੜ ਹੈ ਕਿ ਯਿਸੂ ਦੇ ਨਾਮ ਨਾਲ *ਬੋਲੋ* ਅਤੇ ਸਿੱਖਿਆ ਦਿਓ।

ਮੈਂ ਫੇਰ ਪੁੱਛਦਾ ਹਾਂ ਜੇ ਰਸੂਲ ਸਭਾ ਦੇ ਹੁਕਮ ਨੂੰ ਮੰਨ ਲੈਂਦੇ? ਕਲੀਸੀਆ ਦੇ ਇਤਿਹਾਸ ਵਿਚ ਇਹ ਪਲ ਕਿੰਨੇ ਨਾਜ਼ੁਕ ਸਨ! ਮੀਂਹ ਵਰ੍ਹਣ ਤੋਂ ਬਾਅਦ ਕੀ ਕਦੇ ਤੁਸੀਂ ਗਿੱਲੀਆਂ ਲੱਕੜਾਂ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਹੈ? ਤੁਸੀਂ ਥੋੜ੍ਹੀ ਜਿਹੀ ਅੱਗ ਲਾਉਂਦੇ ਹੋ। ਥੋੜ੍ਹਾ ਥੋੜ੍ਹਾ ਘਾਹ ਅਤੇ ਛੋਟੀਆਂ ਛੋਟੀਆਂ ਲੱਕੜਾਂ ਪਾਉਂਦੇ ਹੋਏ ਤੁਸੀਂ ਫੂਕਾਂ ਮਾਰਦੇ ਰਹਿੰਦੇ ਹੋ ਜਦ ਤਕ ਅੱਗ ਬਲ ਨਹੀਂ ਜਾਂਦੀ। ਜੇ ਤੁਸੀਂ ਕਦੇ ਇਸ ਤਰ੍ਹਾਂ ਕੀਤਾ ਹੋਵੇ ਤਾਂ ਤੁਹਾਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਅੱਗ ਬਾਲਣ ਲਈ ਕਿੰਨੀ ਕੋਸ਼ਿਸ਼ ਕਰਨੀ ਪੈਂਦੀ ਹੈ। ਹਵਾ ਦਾ ਇਕ ਬੁੱਲਾ ਆਉਣ ਤੇ ਭਿੱਜੀਆਂ ਲੱਕੜਾਂ ਜੇ ਉਸ ਉੱਤੇ ਡਿੱਗ ਪੈਣ, ਤਾਂ ਉਸ ਛੋਟੀ ਜਿਹੀ ਚਿੰਗਾਰੀ ਨੂੰ ਮੁਸ਼ਕਲਾਂ ਵਿਚ ਪਾ ਕੇ ਉਸ ਨੂੰ ਬੁਝਾ ਸਕਦੇ ਹਾਂ। ਜਿਸ ਸਮੇਂ ਪਤਰਸ ਅਤੇ ਯੂਹੰਨਾ ਮਹਾ ਸਭਾ ਦੇ ਬਾਹਰ ਖੜੇ ਸਨ, ਕਲੀਸੀਆ ਵੀ ਇਸ ਜਗਮਗ ਕਰਦੀ ਚਿੰਗਾਰੀ ਵਾਂਗ ਬੜੀ ਹੀ ਨਾਜ਼ੁਕ ਹਾਲਤ ਵਿਚ ਸੀ।[7] ਜੇ

ਉਸ ਹੁਕਮ ਨੂੰ ਮੰਨ ਲਿਆ ਗਿਆ ਹੁੰਦਾ, ਤਾਂ ਅੱਜ ਦੁਨੀਆਂ ਵਿਚ ਕਲੀਸੀਆ ਦਾ ਇਤਿਹਾਸ ਕਿੰਨਾ ਫ਼ਰਕ ਹੋਣਾ ਸੀ![8]

ਪਤਰਸ ਅਤੇ ਯੂਹੰਨਾ ਸ਼ੈਤਾਨ ਨੂੰ ਭੋਰਾ ਵੀ ਥਾਂ ਨਾ ਦੇਣ ਲਈ ਧਾਰੀ ਬੈਠੇ ਸਨ! ਜੇ ਮੈਨੂੰ ਇਸ ਤਰ੍ਹਾਂ ਦਾ ਹੁਕਮ ਮਿਲਿਆ ਹੁੰਦਾ ਤਾਂ ਭਾਵੇਂ ਮੈਂ ਉਸ ਹੁਕਮ ਨੂੰ ਨਾ ਮੰਨਣ ਦੀ ਪਹਿਲਾਂ ਤੋਂ ਯੋਜਨਾ ਬਣਾਈ ਹੁੰਦੀ ਪਰ ਮੈਂ ਆਪਣੇ ਇਰਾਦਿਆਂ ਬਾਰੇ ਆਪਣਾ ਮੂੰਹ ਬੰਦ ਰੱਖਣਾ ਹੀ ਬੇਹਤਰ ਸਮਝਦਾ, ਪਰ ਰਸੂਲਾਂ ਨੇ ਅਜਿਹਾ ਨਹੀਂ ਕੀਤਾ। ਖਾਮੋਸ਼ੀ ਨੂੰ ਮੰਜੂਰੀ ਸਮਝ ਲਿਆ ਜਾਂਦਾ, ''ਪਰ ਪਤਰਸ ਅਤੇ ਯੂਹੰਨਾ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਕੀ ਪ੍ਰਮੇਸ਼ਵਰ ਦੇ ਅੱਗੇ ਇਹ ਜੋਗ ਹੈ ਜੋ ਅਸੀਂ *ਪ੍ਰਮੇਸ਼ਵਰ* ਨਾਲੋਂ *ਤੁਹਾਡੀ* ਬਹੁਤੀ ਸੁਣੀਏ? ਤੁਸੀਂ ਆਪੇ ਫ਼ੈਸਲਾ ਕਰੋ'' (ਆਇਤ 19)।

ਇਕ ਅਰਥ ਵਿਚ ਰਸੂਲਾਂ ਨੇ ਕਿਹਾ, ''ਤੁਹਾਨੂੰ ਦੇਸ਼ ਦੇ ਜੱਜ ਮੰਨਿਆ ਜਾਂਦਾ ਹੈ, ਇਸ ਲਈ ਇਹ ਨਿਆਂ ਕਰਨ ਵਿਚ ਤੁਹਾਨੂੰ ਕੋਈ ਮੁਸ਼ਕਲ ਨਹੀਂ ਹੋਣੀ ਚਾਹੀਦੀ: ਅਸੀਂ ਤੁਹਾਡੀ ਗੱਲ ਮੰਨੀਏ ਜਾਂ ਸਾਨੂੰ ਖ਼ੁਦਾ ਦੀ ਗੱਲ ਮੰਨਣੀ ਚਾਹੀਦੀ ਹੈ?'' ਉਨ੍ਹਾਂ ਦੇ ਸਵਾਲ ਨੇ ਸਭਾ ਨੂੰ ਦੁਚਿੱਤੀ ਵਿਚ ਪਾ ਦਿੱਤਾ।[9] ਦੇਸ਼ ਦੇ ਧਾਰਮਿਕ ਨੁਮਾਇੰਦੇ ਹੋਣ ਦੇ ਨਾਤੇ, ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਦਾ ਜਵਾਬ ਹੋਣਾ *ਚਾਹੀਦਾ* ਸੀ ਕਿ ''ਪ੍ਰਮੇਸ਼ਵਰ ਦਾ ਹੁਕਮ ਮੰਨਣ ਨੂੰ ਕਿਸੇ ਵੀ ਹੋਰ ਗੱਲ ਨਾਲੋਂ ਪਹਿਲ ਦੇਣੀ ਚਾਹੀਦੀ ਹੈ''; ਪਰ ਕਿਉਂਕਿ ਲੋਕਾਂ ਨੂੰ ਤਾਂ ਸ਼ਕਤੀ ਅਤੇ ਅਹੁਦੇ ਦੀ ਫ਼ਿਕਰ ਸੀ ਅਤੇ ਉਹ ਅਜਿਹਾ ਜਵਾਬ ਦੇ ਕੇ ਜਿਸ ਨਾਲ ਰਸੂਲਾਂ ਨੂੰ ਫ਼ਾਇਦਾ ਪਹੁੰਚੇ, ਆਪਣੇ ਆਪ ਨੂੰ ਪਰੇਸ਼ਾਨੀ ਵਿਚ ਨਹੀਂ ਪਾਉਣਾ ਚਾਹੁੰਦੇ ਸਨ।

ਸਭਾ ਦੇ ਜਵਾਬ ਦੀ ਪਰਵਾਹ ਕੀਤੇ ਬਿਨਾ ਪਤਰਸ ਅਤੇ ਯੂਹੰਨਾ ਆਪਣੇ ਮਕਸਦ ਨੂੰ ਪੂਰਾ ਕਰਨ ਲਈ ਵਚਨਬੱਧ ਸਨ। ''ਕਿਉਂਕਿ ਇਹ ਸਾਥੋਂ ਹੋ ਨਹੀਂ ਸਕਦਾ ਕਿ ਜਿਹੜੀਆਂ ਗੱਲਾਂ ਅਸਾਂ ਵੇਖੀਆਂ ਅਤੇ ਸੁਣੀਆਂ ਓਹ ਨਾ ਆਖੀਏ'' (ਆਇਤ 20)! ਜੋ ਕੁਝ ਕਿਸੇ ਨੇ ''ਵੇਖਿਆ ਅਤੇ ਸੁਣਿਆ'' ਹੋਵੇ ਉਸ ਨੂੰ ਦੱਸਣ ਵਾਲਾ ਤਾਂ ਗਵਾਹ ਹੁੰਦਾ ਹੈ! ਯਿਸੂ ਨੇ ਉਨ੍ਹਾਂ ਨੂੰ ਆਪਣੇ ਗਵਾਹ ਹੋਣ ਦਾ ਜ਼ਿੰਮਾ ਸੌਂਪਿਆ ਸੀ (1:8); ਉਨ੍ਹਾਂ ਕੋਲ ਕੋਈ ਹੋਰ ਉਪਾਅ ਨਹੀਂ ਸੀ! ਰਸੂਲਾਂ ਨੂੰ ਯਿਸੂ ਦਾ ਪ੍ਰਚਾਰ ਕਰਨ ਤੋਂ ਮਨ੍ਹਾਂ ਕਰਨਾ ਤਾਂ ਸੂਰਜ ਨੂੰ ਚੜ੍ਹਨ ਤੋਂ, ਪੰਛੀਆਂ ਨੂੰ ਚਹਿਕਣ ਤੋਂ ਅਤੇ ਮਾਂਵਾਂ ਨੂੰ ਆਪਣੇ ਬੱਚਿਆਂ ਨਾਲ ਪਿਆਰ ਨਾ ਕਰਨ ਦਾ ਹੁਕਮ ਦੇਣ ਵਾਂਗ ਹੈ!

ਮੈਂ ਅਤੇ ਤੁਸੀਂ ਯਿਸੂ ਨਾਲ ਗਲੀਲ ਅਤੇ ਯਹੂਦੀਆਂ ਦੀਆਂ ਪਗਡੰਡੀਆਂ ਤੇ ਨਹੀਂ ਘੁੰਮੇ ਸਗੋਂ ਅਸੀਂ ਮੱਤੀ, ਮਰਕੁਸ, ਲੂਕਾ ਅਤੇ ਯੂੰਹਨਾ ਵਿਚ ਉਹਦੇ ਨਾਲ ਸਮਾਂ ਬਿਤਾਇਆ ਹੈ। ਜ਼ਿੰਦਗੀ ਦੇ ਰਾਹ ਵਿਚ ਚੱਲਣ ਵਿਚ ਉਹ ਸਾਨੂੰ ਤਾਕਤ ਦਿੰਦਾ ਹੈ। ਰਸੂਲਾਂ ਵਾਂਗ ਹੀ, ਸਾਨੂੰ ਵੀ ਕਹਿਣਾ ਚਾਹੀਦਾ ਹੈ, ''ਅਸੀਂ ਤਾਂ ਦੂਜਿਆਂ ਨੂੰ ਯਿਸੂ ਬਾਰੇ *ਜ਼ਰੂਰ* ਦੱਸਾਂਗੇ। ਅਸੀਂ ਇੰਜੀਲ *ਸੁਣਾਉਣ* ਅਤੇ ਇਹਦੀ ਸਿੱਖਿਆ ਦੇਣ ਤੋਂ ਹਟ ਨਹੀਂ ਸਕਦੇ।''

''ਤਦ ਉਨ੍ਹਾਂ ਨੇ ਉਨ੍ਹਾਂ ਨੂੰ ਹੋਰ[10] ਦਬਕਾ ਦੇ ਛੱਡ ਦਿੱਤਾ ...'' (ਆਇਤ 21)। ਇਹ ਸਿਰਫ਼ ਧਮਕੀਆਂ ਹੀ ਨਹੀਂ ਸਨ। ਥੋੜ੍ਹੀ ਦੇਰ ਬਾਅਦ, ਰਸੂਲਾਂ ਨੂੰ ਗ੍ਰਿਫ਼ਤਾਰ ਕਰਕੇ ਕੁੱਟਿਆ ਜਾਣਾ ਸੀ (5:17-40)। ਉਹਦੇ ਛੇਤੀ ਹੀ ਬਾਅਦ ਇਸਤੀਫ਼ਾਨ ਨੂੰ ਮਾਰ ਦਿੱਤਾ ਜਾਣਾ ਸੀ (6:8-7:60)।

> ... ਛੱਡ ਦਿੱਤਾ ਕਿਉਂਕਿ ਲੋਕਾਂ ਦੇ ਕਾਰਣ ਓਹਨਾਂ ਉੱਤੇ ਡੰਨ ਲਾਉਣ ਦਾ ਕੋਈ ਰਾਹ ਨਾ ਵੇਖਿਆ[11] ਇਸ ਲਈ ਕਿ ਜੋ ਹੋਇਆ ਸੀ ਉਹ ਦੇ ਕਾਰਣ ਸਭ ਲੋਕ ਪ੍ਰਮੇਸ਼ਵਰ ਦੀ ਵਡਿਆਈ ਕਰਦੇ ਸਨ। ਕਿਉਂ ਜੋ ਉਹ ਮਨੁੱਖ ਜਿਹ ਦੇ ਉੱਤੇ ਇਹ ਚੰਗਾ ਹੋਣ ਦਾ

ਨਿਸ਼ਾਨ ਕੀਤਾ ਗਿਆ ਚਾਲ੍ਹੀਆਂ ਵਰਿਆਂ ਤੋਂ ਉੱਤੇ ਦਾ ਸੀ[12] (ਆਇਤਾਂ 21, 22)।

ਲੋਕਾਂ ਦੀਆਂ ਨਜ਼ਰਾਂ ਵਿਚ, ਇਹ ਦੋ ਰਸੂਲ ਖ਼ੁਦਾ ਦੇ ਖ਼ਾਸ ਸੇਵਕ ਸਨ, ਸੋ ਸਭਾ ਨੇ ਉਨ੍ਹਾਂ ਨੂੰ ਕੁਝ ਵੀ ਕਰਨ ਦੀ ਹਿੰਮਤ ਨਾ ਕੀਤੀ।[13]

## ਆਪਣੀ ਸ਼ਕਤੀ ਦੇ ਸੋਮਿਆਂ ਦੇ ਨੇੜ੍ਹੇ ਹੀ ਰਹੋ (4:23-27)

23 ਤੋਂ 31 ਆਇਤਾਂ ਵਿਚ ਸਾਨੂੰ ਰਸੂਲਾਂ ਦੀ ਸ਼ਕਤੀ ਦੇ ਸੋਮੇ ਦਾ ਪਤਾ ਲਗਦਾ ਹੈ। ਅੱਜ ਅਸੀਂ ਜ਼ਿਆਦਾਤਰ ਤਨਖਾਹੀਆ ਪ੍ਰਚਾਰਕਾਂ ਅਤੇ ਹੋਰ ਕਰਮਚਾਰੀਆਂ, ਸਿਰਜਿਆਂ ਅਤੇ ਕਾਰਜਕ੍ਰਮਾ, ਮਸੀਹੀ ਯੂਨੀਵਰਸਟੀਆਂ ਅਤੇ ਕਾਲਜ ਬਣਾਉਣ ਤੇ ਨਿਰਭਰ ਹਾਂ।[14] ਮੁਢਲੀ ਕਲੀਸੀਆ ਕੋਲ ਇਨ੍ਹਾਂ ਵਸੀਲਿਆਂ ਵਿੱਚੋਂ ਇਕ ਵੀ ਨਹੀਂ ਸੀ। ਮਸੀਹੀ ਲੋਕਾਂ ਕੋਲ ਕੀ ਸੀ? ਉਨ੍ਹਾਂ ਕੋਲ ਇਕ ਦੂਜੇ ਦਾ ਸਾਥ ਅਤੇ ਖ਼ੁਦਾ ਨਾਲ ਮਜ਼ਬੂਤ ਸਬੰਧ ਸਨ!

ਜਦ ਸਭਾ ਨੇ ਪਤਰਸ ਅਤੇ ਯੂਹੰਨਾ ਨੂੰ ਜਾਣ ਦਿੱਤਾ ਤਾਂ ਰਸੂਲਾਂ ਨੇ ਸਭ ਤੋਂ ਪਹਿਲਾਂ ਮਸੀਹ ਵਿਚ ਆਪਣੇ ਭਾਈਆਂ ਨੂੰ ਲੱਭਿਆ। ''ਤਦ ਓਹ ਛੁੱਟ ਕੇ ਆਪਣੇ ਸਾਥੀਆਂ ਕੋਲ ਆਏ ਅਰ ਜੋ ਕੁਝ ਪ੍ਰਧਾਨ ਜਾਜਕਾਂ ਅਤੇ ਬਜ਼ੁਰਗਾਂ ਨੇ ਉਨ੍ਹਾਂ ਨੂੰ ਆਖਿਆ ਸੀ ਸੁਣਾ ਦਿੱਤਾ'' (ਆਇਤ 23)। ਮੂਲ ਭਾਸ਼ਾ ਵਿਚ ਸਿਰਫ਼ ''ਉਨ੍ਹਾਂ ਦੇ ਆਪਣੇ'' ਹੈ; ਵੱਲ ਅਨੁਵਾਦਾਂ ਵਿਚ ਕਈ ਸ਼ਬਦ ਦਿੱਤੇ ਗਏ ਹਨ। ਮੇਰਾ ਮੰਨਣਾ ਹੈ ਕਿ ਪਤਰਸ ਅਤੇ ਯੂਹੰਨਾ ਜਿੰਨ੍ਹਾਂ ਕੋਲ ਗਏ, ਉਹ ਦੂਜੇ *ਰਸੂਲ* ਹੀ: (1) ਇੱਥੋਂ ਤਕ, ਅਸੀਂ ਸਿਰਫ਼ ਰਸੂਲਾਂ ਦੀ ਸਿੱਖਿਆ ਅਤੇ ਪ੍ਰਚਾਰ ਦੀ ਗੱਲ ਹੀ ਪੜ੍ਹੀ ਹੈ ਇਸ ਕਾਰਣ ਸਭਾ ਦੀਆਂ ਚਿਤਾਵਨੀਆਂ ਸਿਰਫ਼ ਉਨ੍ਹਾਂ ਨੂੰ ਹੀ ਸਨ। (2) ਪ੍ਰਾਰਥਨਾ ਕਰਨ ਵਾਲਿਆਂ ਨੇ ਬੋਲਣ ਲਈ ਹਿੰਮਤ ਅਤੇ ਸ਼ਕਤੀ ਮੰਗੀ (4:29, 30), ਜੋ ਕਿ (ਹੁਣ ਤਕ) ਰਸੂਲਾਂ ਕੋਲ ਹੀ ਸੀ। (3) ਜਦ ਉਹ ਥਾਂ ਹਿੱਲ ਗਿਆ ਤਾਂ ਪ੍ਰਾਰਥਨਾ ਕਰਨ ਵਾਲੇ ਪਵਿੱਤਰ ਆਤਮਾ ਨਾਲ ਭਰ ਗਏ ਸਨ (4:31); ਉਹਦੇ ਫ਼ੌਰਨ ਬਾਅਦ ਅਸੀਂ ਵੇਖਦੇ ਹਾਂ ਕਿ ਰਸੂਲਾਂ ਨੂੰ ਸ਼ਕਤੀ ਮਿਲੀ (4:33; 5:12)। ਸਭਾ ਨੇ ਆਪਣੇ ਹੁਕਮ ਦੀ ਉਲੰਘਣਾ ਕਰਨ ਕਾਰਣ ਜਿਨ੍ਹਾਂ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਸੀ (5:28), ਉਹ ਰਸੂਲ ਹੀ ਸਨ (5:18)।

ਵਾਕਾਂਸ਼ ''ਆਪਣੇ ਸਾਥੀਆਂ'' ਕਿਸੇ ਲਈ ਵੀ ਕਿਹਾ ਗਿਆ ਹੋਵੇ ਉਹ ਪਤਰਸ ਅਤੇ ਯੂਹੰਨਾ ਦੇ ਆਪਣੇ ਸਨ ਕਿ ਜਦ ਸ਼ੈਤਾਨ ਨੇ ਉਨ੍ਹਾਂ ਨੂੰ ਪਰੇਸ਼ਾਨੀ ਵਿਚ ਪਾ ਦਿੱਤਾ ਤਾਂ ਉਹ ਉਨ੍ਹਾਂ ਕੋਲ ਜਾ ਸਕੇ। ਜਿਵੇਂ ਯਿਸੂ ਨੂੰ ਦੋਸਤਾਂ ਦੀ ਲੋੜ ਹੁੰਦੀ ਸੀ ਉਵੇਂ ਹੀ ਰਸੂਲਾਂ ਨੂੰ ਵੀ ਸੀ, ਅਤੇ ਸਾਡੇ ਵਿੱਚੋਂ ਹਰੇਕ ਨੂੰ ਵੀ ਹੈ। ਪ੍ਰਮੇਸ਼ਵਰ ਵੱਲੋਂ ਕਲੀਸੀਆ ਨੂੰ ਬਣਾਉਣ ਦਾ ਇਹ ਵੀ ਇਕ ਕਾਰਣ ਹੈ। ਪ੍ਰਮੇਸ਼ਵਰ ਦੀ ਇੱਛਾ ਸੀ ਕਿ ਅਸੀਂ ਸਮਰਪਤ ਲੋਕਾਂ ਦੀ ਸੰਗਤੀ ਤੋਂ ਸ਼ਕਤੀ ਪਾਈਏ। ਜੇ ਤੁਸੀਂ ਸ਼ੈਤਾਨ ਦੇ ਹਮਲਿਆਂ ਦਾ ਮੁਕਾਬਲਾ ਕਰਨ ਲਈ ਤਿਆਰ ਰਹਿਣਾ ਚਾਹੁੰਦੇ ਹੋ ਤਾਂ ਮਸੀਹ ਵਿਚ ਆਪਣੇ ਭਾਈਆਂ ਅਤੇ ਭੈਣਾ ਨਾਲ ਸਬੰਧਾਂ ਨੂੰ ਮਜ਼ਬੂਤ ਰੱਖੋ!

ਕਿਸੇ ਨੂੰ ਘੁਮੰਡ ਹੋ ਸਕਦਾ ਹੈ, ''ਮੈਨੂੰ ਕਿਸੇ ਦੀ ਲੋੜ ਨਹੀਂ, ਮੈਂ ਸਭ ਕੁਝ ਆਪਣੇ ਆਪ ਕਰ ਸਕਦਾ ਹਾਂ!'' ਜੇ ਤੁਹਾਨੂੰ ਆਪਣੇ ਭਾਈਆਂ ਅਤੇ ਭੈਣਾ ਦੀ ਲੋੜ ਨਹੀਂ ਹੈ ਤਾਂ ਇਸ ਗੱਲ ਦੀ ਸ਼ੇਖ਼ੀ ਨਾ ਮਾਰੋ। ਇਹਦਾ ਮਤਲਬ ਤਾਂ ਇਹ ਹੋਇਆ ਕਿ ਜਿਹੜੀ ਜ਼ਿੰਦਗੀ ਤੁਸੀਂ ਜੀ ਰਹੇ ਹੋ, ਉਸ ਵਿਚ ਅੱਗੇ ਵਧਣ ਲਈ ਦਲੇਰੀ ਪਾਉਣ ਦੀ ਤੁਹਾਨੂੰ ਲੋੜ ਨਹੀਂ ਹੈ! ਜੇ ਪ੍ਰਭੂ ਲਈ ਤੁਹਾਡੇ ਮਨ ਵਿਚ ਜੋਸ਼ ਹੈ ਅਤੇ ਸ਼ੈਤਾਨ ਤੁਹਾਨੂੰ ਐਨੀ ਮੁਸ਼ਕਲ ਵਿਚ ਪਾ ਦੇਵੇ, ਜਿਵੇਂ ਉਹਨੇ ਪਤਰਸ ਅਤੇ ਯੂਹੰਨਾ ਨੂੰ ਪਾਇਆ ਸੀ ਤਾਂ ਤੁਹਾਨੂੰ ਸਾਥੀ ਮਸੀਹੀਆਂ ਦੀ ਭਾਲ ਕਰਨੀ ਚਾਹੀਦੀ ਹੈ!

ਪਤਰਸ ਅਤੇ ਯੂਹੰਨਾ ਨੂੰ ਸ਼ਕਤੀ ਇਕ ਹੋਰ ਸੋਮੇ ਤੋਂ ਵੀ ਮਿਲੀ ਸੀ, ਜਿਵੇਂ ਕੀ ਅਸੀਂ ਆਇਤ 24 ਵਿਚ ਪੜ੍ਹਦੇ ਹਾਂ। ਜੇ ਰਸੂਲ ਸਾਡੇ ਵਰਗੇ ਲੋਕ ਹੁੰਦੇ, ਤਾਂ ਆਇਤ 24 ਦੀ ਸ਼ੁਰੂਆਤ ਇੰਜ ਹੋਣੀ ਸੀ, ''ਇਹ ਸੁਣ ਕੇ ਉਹ ਬੜੇ ਪਰੇਸ਼ਾਨ ਹੋਏ ਅਤੇ ਕਹਿਣ ਲੱਗੇ, 'ਸਾਨੂੰ ਪਤਾ ਸੀ ਕਿ ਸਭ ਕੁਝ ਠੀਕ ਠਾਕ ਚੱਲ ਰਿਹਾ ਸੀ!' ਜਾਂ ''ਸੁਣ ਕੇ, ਬੜੇ ਗੁੱਸੇ ਵਿਚ ਆਏ ਅਤੇ ਕਿਹਾ, ਉਹ ਸਾਡੇ ਨਾਲ ਇੰਜ ਨਹੀਂ ਕਰ ਸਕਦੇ, ਅਤੇ ਸਭਾ ਦੇ ਦਰਬਾਰ ਵੱਲ ਭੱਜੇ'' ਜਾਂ ''ਇਹ ਸੁਣ ਕੇ ਉਨ੍ਹਾਂ ਨੇ ਗੱਦੀ ਤੇ ਬੈਠੇ ਲੋਕਾਂ ਨੂੰ ਲਾਹੁਣ ਲਈ ਇਕ ਲਹਿਰ ਚਲਾਈ!'' ਪਰ ਲਿਖਿਆ ਹੈ ਕਿ ''ਜਦ ਉਨ੍ਹਾਂ ਨੇ ਇਹ ਸੁਣਿਆ ਤਦ ਇਕ ਮਨ[15] ਹੋ ਕੇ ਉੱਚੀ ਅਵਾਜ਼[16] ਨਾਲ ਪ੍ਰਮੇਸ਼ਵਰ ਨੂੰ ਆਖਿਆ, ...'' (ਆਇਤ 24)। ਰਸੂਲਾਂ ਨੇ ਆਪਣੀ ਸ਼ਕਤੀ ਦੇ ਸਭ ਤੋਂ ਉੱਤਮ ਸੋਮੇ ਤੋਂ ਪ੍ਰਮੇਸ਼ਵਰ ਨੂੰ ਪੁਕਾਰਿਆ।

ਅਜਿਹੇ ਮੌਕਿਆਂ ਦੀ ਤਿਆਰੀ ਲਈ ਜਿਨ੍ਹਾਂ ਵਿਚ ਸ਼ੈਤਾਨ ਸਾਨੂੰ ਮੁਸ਼ਕਲ ਵਿਚ ਪਾਉਂਦਾ ਹੈ ਸਾਡਾ ਡੂੰਘਾ ਸਬੰਧ ਨਾ ਸਿਰਫ਼ ਆਪਣੇ ਭਾਈਆਂ ਨਾਲ ਸਗੋਂ ਪ੍ਰਮੇਸ਼ਵਰ ਨਾਲ ਹੋਣਾ ਵੀ ਜ਼ਰੂਰੀ ਹੈ! ''ਪ੍ਰਾਰਥਨਾ ਆਪਣੀ ਜ਼ਿੰਮੇਵਾਰੀ ਤੋਂ ਬਚਣ ਲਈ ਨਹੀਂ; ਇਹ ਤਾਂ ਪ੍ਰਮੇਸ਼ਵਰ ਦੀ *ਸਮਰਥਾ* ਤੇ ਸਾਡਾ ਭਰੋਸਾ *ਵਿਖਾਉਣ ਲਈ* ਹੈ।''

24 ਤੋਂ 30 ਆਇਤਾਂ ਵਿਚ, ਰਸੂਲਾਂ ਦੇ ਕੰਮ ਵਿਚ ਦੂਜੀ ਲਿਖਤ ਪ੍ਰਾਰਥਨਾ ਮਿਲਦੀ ਹੈ। ਇਸ ਤੋਂ ਪਹਿਲਾਂ ਵਾਲੀ ਪ੍ਰਾਰਥਨਾ (ਯਹੂਦਾ ਦੇ ਥਾਂ ਨਿਯੁਕਤੀ ਬਾਰੇ) ਵਿਚ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਸੀ ਕਿ ਪ੍ਰਮੇਸ਼ਵਰ ''ਅੰਤਰਯਾਮੀ ਹੈ'' (1:24)। ਇਸ ਪ੍ਰਾਰਥਨਾ ਵਿਚ ਪ੍ਰਮੇਸ਼ਵਰ ਦੇ ਸਰਵਸ਼ਕਤੀਮਾਨ ਹੋਣ ਤੇ ਜ਼ੋਰ ਦਿੱਤਾ ਗਿਆ ਹੈ।[17] ਇਹਦੀ ਸ਼ੁਰੂਆਤ ਇਸ ਤਰ੍ਹਾਂ ਹੋਈ, ''ਹੇ ਮਾਲਕ ਤੂੰਏਂ ਅਕਾਸ਼ ਅਤੇ ਧਰਤੀ ਅਤੇ ਸਮੁੰਦਰ ਅਤੇ ਸੱਭੋ ਕੁਝ ਜੋ ਉਨ੍ਹਾਂ ਦੇ ਵਿਚ ਹੈ[18] ਰਚਿਆ'' (ਆਇਤ 24)। ਇੱਥੇ ਯੂਨਾਨੀ ਸ਼ਬਦ ਦਾ ਅਨੁਵਾਦ ''ਮਾਲਕ'' ਆਮ ਸ਼ਬਦ ''ਪ੍ਰਭੂ'' (*ਕੁਰਿਓਸ*) ਨਹੀਂ ਸਗੋਂ ''ਜ਼ਾਲਮ ਹਾਕਮ'' (*ਡਿਸਪੋਟਸ*) ਹੈ ਜਿਸ ਕੋਲ ਪੂਰੀ ਸ਼ਕਤੀ ਹੈ![19] ਇਸ ਕਰਕੇ ਕਈ ਅਨੁਵਾਦਾਂ ਵਿਚ ''ਸਰਵਸ਼ਕਤੀਮਾਨ ਪ੍ਰਭੂ'' ਹੈ। ਉਨ੍ਹਾਂ ਨੇ ਪ੍ਰਾਰਥਨਾ ਉਸ ਸਰਵਸ਼ਕਤੀਮਾਨ ਕੋਲ ਕੀਤੀ ਜਿਸ ਨੇ ਸਭ ਕੁਝ ਬਣਾਇਆ (ਜਿਸ ਵਿਚ ਉਹ ਮਹਾਂਸਭਾ ਵੀ ਆਉਂਦੀ ਸੀ) ਅਤੇ ਜਿਹਨੂੰ ਸਭ ਚੀਜ਼ਾਂ ਤੇ ਇਖ਼ਤਿਆਰ ਹੈ!

ਅਗਲੀਆਂ ਚਾਰ ਆਇਤਾਂ ਵਿਚ ਰਸੂਲਾਂ ਨਾਲ ਵਾਪਰਨ ਵਾਲੀ ਇਸ ਖ਼ਾਸ ਘਟਨਾ ਤੇ ਪ੍ਰਮੇਸ਼ਵਰ ਦਾ ਕੰਟਰੋਲ ਵਿਖਾਇਆ ਗਿਆ ਹੈ। ਪਹਿਲਾਂ, ਪਵਿੱਤਰ ਲਿਖਤ ਵੱਲ ਧਿਆਨ ਦੁਆਇਆ ਗਿਆ:[20]

> ਤੈਂ ਪਵਿੱਤਰ ਆਤਮਾ ਦੇ ਰਾਹੀਂ ਸਾਡੇ ਵਡੇਰੇ ਆਪਣੇ ਬੰਦੇ ਦਾਊਦ[21] ਦੀ ਜ਼ਬਾਨੀ ਆਖਿਆ, ਕੌਮਾਂ ਕਾਹਨੂੰ ਡੰਡ[22] ਪਾਈ ਹੈ, ਅਤੇ ਉੱਮਤਾਂ ਨੇ ਵਿਅਰਥ ਸੋਚਾਂ ਕਿਉਂ ਕੀਤੀਆਂ ਹਨ? ਧਰਤੀ ਦੇ ਰਾਜੇ ਉੱਠ ਖੜੇ ਹੋਏ, ਅਤੇ ਹਾਕਮ ਇਕੱਠੇ ਹੋਏ, ਪ੍ਰਭੂ ਅਰ ਉਹ ਦੇ ਮਸੀਹ ਦੇ ਵਿਰੁੱਧ (ਆਇਤਾਂ 25, 26)।[23]

ਰਸੂਲ ਸਿਰਫ਼ ਆਪਣੇ ਭਾਈਆਂ ਅਤੇ ਪ੍ਰਮੇਸ਼ਵਰ ਦੇ ਹੀ ਨੇੜੇ ਨਹੀਂ ਰਹੇ; ਉਹ ਪਵਿੱਤਰ ਲਿਖਤ ਦੇ ਵੀ ਨੇੜੇ ਰਹੇ! ਉਹ ਪੁਰਾਣੇ ਨੇਮ ਵਿੱਚੋਂ ਇਸ ਆਇਤ ਨੂੰ *ਪੜ੍ਹ* ਨਹੀਂ ਸਕੇ (ਆਮ ਤੌਰ ਤੇ ਲੋਕਾਂ ਕੋਲ ਪਵਿੱਤਰ ਲਿਖਤਾਂ ਨਹੀਂ ਹੁੰਦੀਆਂ ਸਨ); ਉਨ੍ਹਾਂ ਨੇ ਇਸ ਨੂੰ *ਯਾਦ ਕੀਤਾ* ਹੋਇਆ ਸੀ। ਜੇ ਤੁਸੀਂ ਸ਼ੈਤਾਨ ਦੇ ਹਮਲੇ ਸਹਿਣ ਲਈ ਤਿਆਰ ਰਹਿਣਾ ਚਾਹੁੰਦੇ ਹੋ, ਤਾਂ

ਤੁਹਾਡੀ ਸ਼ਕਤੀ ਦਾ ਇਕ ਹੋਰ ਸੋਮਾ ਪ੍ਰਮੇਸ਼ਵਰ ਦਾ ਵਚਨ ਵੀ ਹੈ! ਇਸ ਨੂੰ ਪੜ੍ਹੋ! ਇਸ ਦਾ ਅਧਿਐਨ ਕਰੋ ਅਤੇ ਇਸ ਨੂੰ ਯਾਦ ਰੱਖੋ!

ਸ਼ਾਹੀ ਜ਼ਬੂਰਾਂ ਵਿੱਚੋਂ ਪਹਿਲੇ ਜ਼ਬੂਰ 2 ਦਾ ਹਵਾਲਾ ਲਿਆ ਗਿਆ ਸੀ।[24] ਇਹ ਸ਼ਬਦ ਗੜਬੜੀ ਦੇ ਉਸ ਸਮੇਂ ਲਈ ਸਨ ਜੋ ਆਮ ਤੌਰ ਤੇ ਮੱਧ ਕਾਲ ਦੇ ਰਾਜਿਆਂ ਵਿਚ ਪਾਈ ਜਾਂਦੀ ਸੀ। ਆਂਢ ਗੁਆਂਢ ਦੇ ਦੇਸ਼ਾਂ ਨੇ ਇਸ ਨੂੰ ਉਨ੍ਹਾਂ ਤੇ ਹਮਲਾ ਕਰਨ ਦਾ ਮੌਕਾ ਜਾਣਿਆ।[25] ਜ਼ਬੂਰ ਲਿਖਣ ਵਾਲੇ ਨੇ ਐਲਾਨ ਕੀਤਾ ਕਿ ''ਪ੍ਰਭੂ ਅਤੇ ਉਹਦੇ ਮਸੀਹ ਦੇ ਵਿਰੁੱਧ''[26] ਉਨ੍ਹਾਂ ਦੀਆਂ ਸਾਰੀਆਂ ਕੋਸ਼ਿਸ਼ਾਂ ''ਬੇਕਾਰ'' ਸਾਬਤ ਹੋਣਗੀਆਂ। ਮੂਲ ਵਿਚ, ''ਉਹਦੇ ਮਸੀਹ (ਚੁਣੇ ਹੋਏ)'' ਇਸਰਾਏਲ ਦੇ ਰਾਜੇ ਲਈ ਵਰਤਿਆ ਜਾਂਦਾ ਸੀ (1 ਸਮੂਏਲ 26:9), ਪਰ ਕਿਸੇ ਵੀ ਸੰਸਾਰਕ ਰਾਜੇ ਨੇ ਜ਼ਬੂਰਾਂ ਵਿਚ ''ਚੁਣੇ ਹੋਏ'' ਦੇ ਸਬੰਧ ਵਿਚ ਸਾਰੀਆਂ ਗੱਲਾਂ ਨੂੰ ਪੂਰਾ ਨਹੀਂ ਕੀਤਾ। ਇਸ ਕਰਕੇ ਯਹੂਦੀ ਲੋਕ ਸਹੀ ਸਮਝਦੇ ਸਨ ਕਿ ਜ਼ਬੂਰਾਂ ਦੀ ਪੋਥੀ 2 ਦੇ ਸ਼ਬਦ ਆਉਣ ਵਾਲੇ ਮਸੀਹ ਲਈ ਹੀ ਸਨ।

ਜ਼ਬੂਰਾਂ ਦੀ ਪੋਥੀ 2 ਪੂਰੀ ਤਰ੍ਹਾਂ ਨਾਲ ਯਿਸੂ ਤੇ ਹੋਣ ਵਾਲੀਆਂ ਗੱਲਾਂ ਦਾ ਪੂਰਵ ਸੰਕੇਤ ਸੀ: ''ਕਿਉਂ ਜੋ ਸੱਚੀ ਮੁੱਚੀ ਇਸੇ ਸ਼ਹਿਰ ਵਿਚ ਤੇਰੇ ਪਵਿੱਤਰ ਸੇਵਕ[27] ਯਿਸੂ ਦੇ ਵਿਰੁੱਧ ਜਿਹ ਨੂੰ ਤੈਂ ਮਸਹ ਕੀਤਾ[28] ਹੈਰੋਦੇਸ ਅਰ ਪੁੰਤਿਯੁਸ ਪਿਲਾਤੁਸ ਪਰਾਈਆਂ ਕੌਮਾਂ ਅਤੇ ਇਸਰਾਏਲ ਦੇ ਲੋਕਾਂ ਸਣੇ ਇਕੱਠੇ ਹੋਏ'' (ਆਇਤ 27)। ਦਾਊਦ ਨੇ ਕਿਹਾ ਸੀ ਕਿ ਉਸ ਮਸਹ ਕੀਤੇ ਹੋਏ ਦੇ ਖਿਲਾਫ਼ ਚਾਰ ਤਰ੍ਹਾਂ ਦੇ ਲੋਕ ਅਰਥਾਤ ਰਾਜੇ, ਹਾਕਮ, ਗੈਰ ਕੌਮਾਂ ਅਤੇ ਲੋਕ ਇਕੱਠੇ ਹੋਣਗੇ। ਹੈਰੋਦੇਸ਼ ਰਾਜਾ, ਪਿਲਾਤੁਸ ਹਾਕਮ, ਗੈਰ ਕੌਮਾਂ (ਰੋਮੀ ਸਿਪਾਹੀ) ਅਤੇ ਇਸਰਾਏਲ ਦੇ ਲੋਕਾਂ ਨੇ ਇਨ੍ਹਾਂ ਚਾਰਾਂ ਤਰ੍ਹਾਂ ਦੇ ਲੋਕਾਂ ਨੇ ਯਿਸੂ ਦੇ ਖਿਲਾਫ਼ ਅੱਡੀ ਚੋਟੀ ਤਕ ਦਾ ਜ਼ੋਰ ਲਾ ਦਿੱਤਾ।[29]

## ਪ੍ਰਮੇਸ਼ਵਰ ਵਿਚ ਯਕੀਨ ਰੱਖੋ (4:28-30)

ਪ੍ਰਾਰਥਨਾ ਦੇ ਆਖ਼ਰੀ ਭਾਗ ਵਿਚ, ਰਸੂਲਾਂ ਨੇ ਪ੍ਰਮੇਸ਼ਵਰ ਵਿਚ ਭਰੋਸਾ ਹੋਣ ਤੇ ਜ਼ੋਰ ਦਿੱਤਾ। ਉਨ੍ਹਾਂ ਨੂੰ ਯਕੀਨ ਸੀ ਕਿ ਸਭ ਕੁਝ ਪ੍ਰਮੇਸ਼ਵਰ ਦੇ ਕਾਬੂ ਵਿਚ ਸੀ। ਆਇਤ 28 ਵਿਚ ਦੱਸਿਆ ਗਿਆ ਹੈ ਕਿ ਚਾਰ ਗੁੱਟ ਇਸ ਲਈ ਇਕੱਠੇ ਹੋਏ ''ਕਿ ਜੋ ਕੁਝ ਤੇਰੇ ਹੱਥ ਅਤੇ ਤੇਰੀ ਮੱਤ ਨੇ ਅਗੇਤਾ ਠਹਿਰਾ ਰੱਖਿਆ ਸੀ ਭਈ ਹੋਵੇ, ਸੋਈ ਕਰਨ।'' ਹਰੇਕ ਘਟਨਾ ਪ੍ਰਮੇਸ਼ਵਰ ਦੀਆਂ ਯੋਜਨਾਵਾਂ ਅਤੇ ਮਕਸਦਾਂ ਦਾ ਹਿੱਸਾ ਸੀ! (''ਅਜਿਹਾ ਨਹੀਂ ਕਿ ਪ੍ਰਮੇਸ਼ਵਰ ਨੇ ਉਨ੍ਹਾਂ ਤੋਂ ਕੰਮ ਜ਼ਬਰਦਸਤੀ ਕਰਵਾਇਆ ਹੋਵੇ, ਸਗੋਂ ਉਹਨੇ ਮੁਕਤੀ ਦੇ ਆਪਣੇ ਇਸ ਮਕਸਦ ਨੂੰ ਪੂਰਾ ਕਰਨ ਲਈ ਉਨ੍ਹਾਂ ਦੀ ਮਰਜ਼ੀ ਨਾਲ ਉਨ੍ਹਾਂ ਨੂੰ ਵਰਤਣਾ ਚਾਹਿਆ।'') ਦੂਜੇ ਸ਼ਬਦਾਂ ਵਿਚ ਯਰੂਸ਼ਲਮ ਵਿਚ ਸ਼ਕਤੀਸ਼ਾਲੀ ਆਗੂਆਂ ਵੱਲੋਂ ਜਿਹੜਾ ਸਤਾਅ ਸ਼ੁਰੂ ਹੋਇਆ ਸੀ ਉਸ ਨਾਲ ਇਹ ਸਾਬਤ ਨਹੀਂ ਹੁੰਦਾ ਸੀ ਕਿ ਖ਼ੁਦਾ ਦਾ ਹੱਲਾਤ ਤੇ ਕਾਬੂ ਨਹੀਂ ਰਿਹਾ ਸੀ ਸਗੋਂ ਜੋ ਕੁਝ ਵੀ ਉੱਥੇ ਹੋਇਆ ਉਸ ਤੋਂ ਇਹੀ ਸਾਬਤ ਹੋਇਆ ਕਿ ਹਰ ਗੱਲ ਖ਼ੁਦਾ ਦੇ ਅਧਿਕਾਰ ਵਿਚ ਹੈ![30] ਜਦ ਸ਼ੈਤਾਨ ਸਾਨੂੰ ਮੁਸ਼ਕਲ ਵਿਚ ਪਾ ਦੇਵੇ, ਜਦ ਸਾਨੂੰ ਇਹ ਲੱਗੇ ਕਿ ਸਾਡੀਆ ਜ਼ਿੰਦਗੀਆਂ ਵਿਚ ਸਭ ਕੁਝ ਕਾਬੂ ਤੋਂ ਬਾਹਰ ਹੁੰਦਾ ਜਾ ਰਿਹਾ ਹੈ, ਤਾਂ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਅਸੀਂ ਉਹਦੀ ਬੰਦਗੀ ਕਰਦੇ ਹਾਂ, ਜਿਹਦਾ *ਸਭ ਚੀਜ਼ਾਂ ਤੇ* ਕਾਬੂ ਹੈ ਅਤੇ ਜੋ ਬੁਰਾਈ ਵਿੱਚੋਂ ਵੀ ਭਲਾਈ ਕੱਢ ਸਕਦਾ ਹੈ (ਰੋਮੀਆਂ 8:28)!

29 ਅਤੇ 30 ਆਇਤਾਂ ਵਿਚ ਸਾਨੂੰ ਰਸੂਲਾਂ ਦੀਆਂ ਬੇਨਤੀਆਂ ਮਿਲਦੀਆਂ ਹਨ। ਜਦ ਮੈਂ

ਦੁਆ ਦੇ ਇਸ ਹਿੱਸੇ ਤੇ ਪਹੁੰਚਿਆ ਤਾਂ ਮੈਂ ਰੁਕ ਕੇ ਧਿਆਨ ਲਾਇਆ: ''ਇਹ ਜਾਣਦੇ ਹੋਏ ਕਿ ਪ੍ਰਮੇਸ਼ਵਰ ਸਰਵਸ਼ਕਤੀਮਾਨ ਹੈ ਅਤੇ ਸਭ ਕੁਝ ਉਹਦੇ ਵੱਸ ਵਿਚ ਹੈ, ਜੇ ਮੈਂ ਇਨ੍ਹਾਂ ਲੋਕਾਂ ਦੀ ਥਾਂ ਹੁੰਦਾ ਤਾਂ ਮੈਂ ਕੀ ਮੰਗਦਾ?''[31] ਮੈਂ ਤਾਂ ਪ੍ਰਭੂ ਤੋਂ ਇਹੀ ਮੰਗਦਾ ਕਿ ਜੋ ਜੋ ਮਸੀਹ ਦੇ ਦੁਸ਼ਮਣ ਹਨ, ਉਨ੍ਹਾਂ ਨੂੰ ਸਜ਼ਾ ਦਿੱਤੀ ਜਾਵੇ। ਮੈਂ ਇਹ ਵੀ ਮੰਗ ਸਕਦਾ ਸਾਂ ਕਿ ਇਹ ਜ਼ੁਲਮ ਰੁਕਵਾ ਦਿੱਤਾ ਜਾਵੇ। ਘੱਟੋ ਘੱਟ ਮੈਂ ਇਹ ਜ਼ਰੂਰ ਮੰਗਦਾ ਕਿ ਜੇ ਇਹ ਜ਼ੁਲਮ ਹੁੰਦਾ ਰਹਿੰਦਾ ਹੈ ਤਾਂ ਉਸ ਵਿਚ ਸਾਡੀ ਰਖਵਾਲੀ ਕਰੇ। ਰਸੂਲਾਂ ਨੇ ਇਨ੍ਹਾਂ ਵਿੱਚੋਂ ਕੁਝ ਵੀ ਨਹੀਂ ਮੰਗਿਆ ਸਗੋਂ ਉਨ੍ਹਾਂ ਨੇ ਬੇਨਤੀ ਕੀਤੀ:

> ਹੁਣ ਹੇ ਪ੍ਰਭੂ ਓਹਨਾਂ ਦੀਆਂ ਧਮਕੀਆਂ[32] ਨੂੰ ਵੇਖ ਅਰ ਆਪਣੇ ਦਾਸਾਂ[33] ਨੂੰ ਇਹ ਬਖ਼ਸ਼ ਕਿ ਅੱਤ ਦਲੇਰੀ ਨਾਲ ਤੇਰਾ ਬਚਨ ਸੁਣਾਉਣ। ਜਦੋਂ ਤੂੰ ਆਪਣਾ ਹੱਥ ਚੰਗਾ ਕਰਨ ਨੂੰ ਲੰਮਾ ਕਰੇਂ ਅਤੇ ਤੇਰੇ ਪਵਿੱਤਰ ਸੇਵਕ ਯਿਸੂ ਦੇ ਨਾਮ ਤੋਂ ਨਿਸ਼ਾਨ ਅਤੇ ਅਚੰਭੇ ਪ੍ਰਗਟ ਹੋਣ (ਆਇਤਾਂ 29, 30)।

ਸਭਾ ਲਈ ਉਹਨਾ ਨੇ ਸਿਰਫ਼ ਐਨਾ ਕਿਹਾ, ਕਿ ''ਹੇ ਪ੍ਰਭੂ ਉਨ੍ਹਾਂ ਦੀਆਂ ਧਮਕੀਆਂ ਨੂੰ ਵੇਖ।'' ਦੂਜੇ ਸ਼ਬਦਾਂ ਵਿਚ, ''ਹੇ ਪ੍ਰਭੂ, ਇਹ ਗੱਲ ਅਸੀਂ ਤੇਰੇ ਹੱਥਾਂ ਵਿਚ ਦੇ ਰਹੇ ਹਾਂ, ਜੋ ਕੁਝ ਇਨ੍ਹਾਂ ਲੋਕਾਂ ਨੇ ਕੀਤਾ ਹੈ, ਉਹਦੇ ਵੱਲ ਧਿਆਨ ਦੇ ਅਤੇ ਆਪਣੀ ਇੱਛਾ ਮੁਤਾਬਕ ਇਸ ਹਲਾਤ ਨੂੰ ਠੀਕ ਕਰ।''

ਜਦ ਸ਼ੈਤਾਨ ਸਾਨੂੰ ਮੁਸ਼ਕਲ ਵਿਚ ਪਾ ਦੇਵੇ ਤਾਂ ਸਾਨੂੰ ਬਦਲਾ ਲੈਣ ਜਾਂ ਗੁੱਸੇ ਦੀ ਭਾਵਨਾ ਨੂੰ ਆਪਣੇ ਉੱਤੇ ਹਾਵੀ ਨਹੀਂ ਹੋਣ ਦੇਣਾ ਚਾਹੀਦਾ। ਪੌਲੁਸ ਨੇ ਲਿਖਿਆ ਹੈ, ''ਸਭ ਕੁੜੱਤਣ, ਕ੍ਰੋਧ, ਰੌਲਾ, ਅਤੇ ਦੁਰਬਚਨ ਸਾਰੀ ਬੁਰਿਆਈ ਸਣੇ ਤੁਹਾਥੋਂ ਦੂਰ ਹੋਏ'' (ਅਫ਼ਸੀਆਂ 4:31)। ਉਹਨੇ ਫੇਰ ਲਿਖਿਆ:

> ''ਹੇ ਪਿਆਰਿਓ, ਆਪਣਾ ਬਦਲਾ ਨਾ ਲਓ ਪਰ (ਪ੍ਰਮੇਸ਼ਵਰ ਦੇ) ਕ੍ਰੋਧ ਨੂੰ ਜਾਣ ਦਿਓ ਕਿਉਂ ਜੋ ਲਿਖਿਆ ਹੋਇਆ ਹੈ ਕਿ ਪ੍ਰਭੂ ਆਖਦਾ ਹੈ ਭਈ ਬਦਲਾ ਲੈਣਾ ਮੇਰਾ ਕੰਮ ਹੈ, ਮੈਂ ਹੀ ਵੱਟਾ ਲਾਹਵਾਂਗਾ। ਪਰ ਜੇ ਤੇਰਾ ਵੈਰੀ ਭੁੱਖਾ ਹੋਵੇ ਤਾਂ ਉਹ ਨੂੰ ਖੁਆ, ਜੇ ਤਿਹਾਇਆ ਹੋਵੇ ਤਾਂ ਉਹ ਨੂੰ ਪਿਆ ... ਬੁਰਿਆਈ ਤੋਂ ਨਾ ਹਾਰ ਸਗੋਂ ਭਲਿਆਈ ਨਾਲ ਬੁਰਿਆਈ ਨੂੰ ਜਿੱਤ ਲੈ'' (ਰੋਮੀਆਂ 12:19-21)।

ਜੇ ਤੁਹਾਨੂੰ ਬਹੁਤ ਗਹਿਰੀ ਸੱਟ ਵੱਜੀ ਹੈ, ਤਾਂ ਪ੍ਰਭੂ ਨੂੰ ਕਹੋ ਕਿ ਉਹ ਉਸ ਨੂੰ ''ਵੇਖੇ'' ਕਿ ਕੀ ਹੋਇਆ ਹੈ। ਫਿਰ ਸਭ ਕੁਝ ਉਹਦੇ ਹੱਥਾਂ ਵਿਚ ਛੱਡ ਦਿਓ ਅਤੇ ਆਪਣੀ ਜ਼ਿੰਦਗੀ ਵਿਚ ਚੱਲਦੇ ਰਹੋ!

ਰਸੂਲਾਂ ਨੂੰ ਇਹ ਪਰਵਾਹ ਨਹੀਂ ਸੀ ਕਿ ਸਭਾ ਨੇ ਉਨ੍ਹਾਂ ਨਾਲ ਕੀ ਕੀਤਾ ਹੈ, ਜਾਂ ਉਹ ਸਭਾ ਉਨ੍ਹਾਂ ਨਾਲ ਕੀ ਕਰ ਸਕਦੀ ਸੀ। ਸਗੋਂ ਉਨ੍ਹਾਂ ਨੂੰ ਇਹ ਫ਼ਿਕਰ ਸੀ ਕਿ ਉਹ ਚੁਣੌਤੀ ਦਾ ਸਾਹਮਣਾ ਕਿਵੇਂ ਕਰਨ। ਉਨ੍ਹਾਂ ਨੇ ਉਸ ਤਕਲੀਫ਼ ਤੋਂ ਬਾਅਦ ਨਹੀਂ ਚਾਹਿਆ, ਸਗੋਂ ਸੇਵਾ ਲਈ ਤਾਕਤ ਮੰਗੀ। ਉਨ੍ਹਾਂ ਨੇ ਪ੍ਰਭੂ ਤੋਂ ਮਦਦ ਮੰਗੀ ਕਿ ਉਹ ਘਬਰਾ ਨਾ ਜਾਣ। ਸਭ ਤੋਂ ਵੱਧ ਕੇ ਉਨ੍ਹਾਂ ਨੇ ਉਹਦਾ ਵਚਨ ਦਲੇਰੀ ਨਾਲ ਸੁਣਾਉਣ ਅਤੇ ਉਹਦੀ ਇੱਛਾ ਨੂੰ ਸ਼ਕਤੀ ਨਾਲ ਪੂਰਾ ਕਰਨ ਦੀ ਇੱਛਾ ਕੀਤੀ!

## ਵਿਸ਼ਵਾਸ ਰੱਖੋ ਕਿ ਪ੍ਰਮੇਸ਼ਵਰ ਤੁਹਾਨੂੰ ਲੋੜ ਮੁਤਾਬਕ ਸ਼ਕਤੀ ਦੇਵੇਗਾ (4:31)

ਉਨ੍ਹਾਂ ਨੂੰ ਆਪਣੀ ਦੁਆ ਦਾ ਜਵਾਬ ਐਨੀ ਛੇਤੀ ਮਿਲਿਆ, ਜਿਹਦੀ ਉਨ੍ਹਾਂ ਨੇ ਕਲਪਨਾ ਵੀ ਨਹੀਂ ਕੀਤੀ ਸੀ। ''ਜਦ ਉਹ ਬੇਨਤੀ ਕਰ ਹਟੇ ਤਾਂ ਉਹ ਥਾਂ ਜਿੱਥੇ ਓਹ ਇਕੱਠੇ ਹੋਏ ਸਨ[34] ਹਿੱਲ ਗਿਆ ਅਤੇ ਸੱਭੋ ਪਵਿੱਤਰ ਆਤਮਾ ਨਾਲ ਭਰਪੂਰ ਹੋ ਗਏ ਅਰ ਪ੍ਰਮੇਸ਼ਵਰ ਦਾ ਬਚਨ ਦਲੇਰੀ ਨਾਲ ਸੁਣਾਉਣ ਲੱਗੇ'' (ਆਇਤ 31)। ਇਹ ''ਇਕ ਹੋਰ ਪੈਂਟੀਕਾਸਟ'' ਨਹੀਂ ਸੀ।[35] ਸਗੋਂ ਪ੍ਰਮੇਸ਼ਵਰ ਨੇ ਸਪਸ਼ਟ ਰੂਪ ਵਿਚ ਵਿਖਾ ਦਿੱਤਾ ਸੀ ਕਿ ਉਹ ਉਨ੍ਹਾਂ ਦੇ ਨਾਲ ਸੀ। ਇਹੀ ਵਿਖਾਉਣ ਲਈ ਉਹਨੇ ਬਾਅਦ ਵਿਚ ਜੇਲ੍ਹ ਨੂੰ ਵੀ ਹਿਲਾਉਣਾ ਸੀ (ਰਸੂਲਾਂ ਦੇ ਕੰਮ 16)। ''ਆਤਮਾ ਨਾਲ ਭਰਪੂਰ'' ਦਾ ਅਰਥ ਸ਼ਾਇਦ ਇਹੀ ਹੈ ਜਿਵੇਂ ਕਿ ਆਇਤ 8 ਵਿਚ ਹੈ।[36] ਆਇਤ 8 ਵਿਚ ''ਪਤਰਸ ਨੇ ਪਵਿੱਤਰ ਆਤਮਾ ਨਾਲ ਭਰਪੂਰ ਹੋ ਕੇ'' ਸਭਾ ਨਾਲ ਗੱਲ ਕੀਤੀ ਸੀ। ਹੁਣ ''ਸੱਭੋ (ਰਸੂਲ) ਪਵਿੱਤਰ ਆਤਮਾ ਨਾਲ ਭਰਪੂਰ ਹੋ ਗਏ [ਜਿਵੇਂ ਪਤਰਸ ਹੋਇਆ ਸੀ], ਅਤੇ ਪ੍ਰਮੇਸ਼ਵਰ ਦਾ ਵਚਨ ਦਲੇਰੀ ਨਾਲ ਸੁਣਾਉਣ ਲੱਗੇ [ਜਿਵੇਂ ਪਤਰਸ ਨੇ ਸੁਣਾਇਆ ਸੀ, ਆਇਤ 13]।'' ਸਭਾ ਨੇ ਦੋ ਆਦਮੀਆਂ ਨੂੰ ਯਿਸੂ ਦਾ ਨਾਮ ਨਾ ਸੁਣਾਉਣ ਦੀ ਚਿਤਾਵਨੀ ਦਿੱਤੀ ਸੀ। ਦੋ ਆਦਮੀਆਂ ਨੂੰ ਚੁੱਪ ਕਰਾਉਣ ਦੀ ਥਾਂ ਉਨ੍ਹਾਂ ਦੀਆਂ ਧਮਕੀਆਂ ਤੋਂ *ਬਾਰਾਂ* ਆਦਮੀ ਬੜੀ ਦਲੇਰੀ ਨਾਲ ਯਿਸੂ ਦੇ ਨਾਮ ਨਾਲ ਚੰਗਾਈ ਦਿੰਦੇ ਅਤੇ ਪ੍ਰਚਾਰ ਕਰਨ ਲੱਗੇ, ''ਰਸੂਲ ਵੱਡੀ ਸ਼ਕਤੀ ਨਾਲ ਪ੍ਰਭੂ ਯਿਸੂ ਦੇ ਜੀ ਉੱਠਣ ਦੀ ਸਾਖੀ ਦਿੰਦੇ ਸਨ ...'' (4:33); ''ਅਤੇ ਰਸੂਲਾਂ ਦੇ ਹੱਥੋਂ ਬਹੁਤ ਸਾਰੇ ਨਿਸ਼ਾਨ ਅਰ ਅਚੰਭੇ ਲੋਕਾਂ ਵਿਚ ਪ੍ਰਗਟ ਹੋਏ'' (5:12)!

ਸਾਡੇ ਨਾਲ ਯਿਸੂ ਨੇ ਉਹੀ ਵਾਅਦੇ ਨਹੀਂ ਕੀਤੇ ਜਿਹੜੇ ਉਹਨੇ ਰਸੂਲਾਂ ਨਾਲ ਕੀਤੇ ਸਨ। ਜਿਸ ਇਮਾਰਤ ਵਿਚ ਅਸੀਂ ਹਾਂ, ਪ੍ਰਮੇਸ਼ਵਰ ਉਨ੍ਹਾਂ ਨੂੰ ਉਵੇਂ ਹੀ ਨਹੀਂ ਹਿਲਾਏਗਾ ਅਤੇ ਨਾ ਹੀ ਉਹ ਸਾਨੂੰ ਆਤਮਾ ਦੀ ਪ੍ਰੇਰਣਾ ਨਾਲ ਬੋਲਣ ਦੇ ਯੋਗ ਬਣਾਏਗਾ। ਪਰ ਇਹਦਾ ਮਤਲਬ ਇਹ ਬਿਲਕੁਲ ਨਹੀਂ ਕਿ ਪ੍ਰਮੇਸ਼ਵਰ ਨੇ ਸਾਨੂੰ ਸ਼ਕਤੀਰਹਿਤ ਛੱਡ ਦਿੱਤਾ ਹੈ। ਉਹਨੇ ਸਾਡੇ ਨਾਲ ਰਹਿਣ ਦਾ ਵਾਅਦਾ ਕੀਤਾ ਹੈ (ਇਬਰਾਨੀਆਂ 13:5, 6)। ਉਹਨੇ ਸਾਡੀ ਮਦਦ ਲਈ ਸਾਨੂੰ ਆਪਣਾ ਆਤਮਾ ਦਿੱਤਾ ਹੈ (ਰਸੂਲਾਂ ਦੇ ਕੰਮ 2:38)। ਉਹ ਸਾਨੂੰ ਸ਼ਕਤੀ ਦਿੰਦਾ ਹੈ, ''ਜੋ ਸਾਡੇ ਵਿਚ ਕੰਮ ਕਰਦੀ ਹੈ'' (ਅਫ਼ਸੀਆਂ 3:20)। ਜਦ ਅਸੀਂ ਰਾਹ ਵਿਚ ਮੁਸ਼ਕਲਾਂ ਨਾਲ ਘਿਰੇ ਹੁੰਦੇ ਹਾਂ ਤਾਂ ਉਹ ਉਨ੍ਹਾਂ ਵਿੱਚੋਂ ਨਿੱਕਲਣ ਦਾ ਰਾਹ ਵੀ ਦਿੰਦਾ ਹੈ ਤਾਂ ਜੋ ਅਸੀਂ ਇਸ ਨੂੰ ਸਹਿ ਸਕੀਏ (1 ਕੁਰਿੰਥੀਆਂ 10:13)। ਹੋ ਸਕਦਾ ਹੈ ਕਿ ਅੱਜ ਉਹ ਉਸ ਬਿਲਡਿੰਗ ਨੂੰ ਨਾ ਹਿਲਾਵੇ ਜਿੱਥੇ ਅਸੀਂ ਪ੍ਰਾਰਥਨਾ ਕਰਦੇ ਹਾਂ, ਪਰ ਉਹ ਕਲੀਸੀਆ ਨੂੰ ਜ਼ਰੂਰ ਹਿਲਾ ਸਕਦਾ ਹੈ![37] ਇਸ ਤਰ੍ਹਾਂ, ਅਸੀਂ ਵੀ ਵਚਨ ਦਲੇਰੀ ਨਾਲ ਸੁਣਾ ਸਕਦੇ ਹਾਂ!

## ਸਾਰ

ਸ਼ੈਤਾਨ ਨੇ ਰਸੂਲਾਂ ਨੂੰ ਖ਼ਮੋਸ਼ ਕਰਨ ਦੀ ਕੋਸ਼ਿਸ਼ ਕੀਤੀ, ਪਰ ਨਕਾਮ ਰਿਹਾ। ਸ਼ੈਤਾਨ ਹਰ ਤਰ੍ਹਾਂ ਨਾਲ ਕੋਸ਼ਿਸ਼ ਕਰ ਰਿਹਾ ਹੈ ਜਿਸ ਨਾਲ ਉਹ ਤੁਹਾਨੂੰ ਵੀ ਖ਼ਮੋਸ਼ ਕਰ ਸਕੇ। ਪਰ ਜੇ ਅਸੀਂ ਪਾਠ ਵਿਚ ਦਿੱਤੇ ਗਏ ਸੁਝਾਵਾਂ ਨੂੰ ਮੰਨ ਕੇ ਪ੍ਰਮੇਸ਼ਵਰ ਦੇ ਨੇੜੇ ਰਹੀਏ ਤਾਂ ਸ਼ੈਤਾਨ ਨੂੰ ਸਾਥੋਂ ਵੀ ਨਿਰਾਸ਼ਾ ਹੀ ਮਿਲੇਗੀ! ''ਉਪਰੰਤ ਤੁਸੀਂ ਪ੍ਰਮੇਸ਼ਵਰ ਦੇ ਅਧੀਨ ਹੋਵੋ । ਪਰ ਸ਼ੈਤਾਨ ਦਾ ਸਾਹਮਣਾ ਕਰੋ ਤਾਂ ਉਹ ਤੁਹਾਡੇ ਕੋਲੋਂ ਭੱਜ ਜਾਵੇਗਾ'' (ਯਾਕੂਬ 4:7)।

ਬੇਸ਼ੱਕ ਸ਼ੈਤਾਨ ਐਨੀ ਅਸਾਨੀ ਨਾਲ ਹਾਰ ਨਹੀਂ ਮੰਨਦਾ। ਅਧਿਆਇ 5 ਵਿਚ ਅਸੀਂ ਵੇਖਾਂਗੇ ਕਿ ਸ਼ੈਤਾਨ ਫਿਰ ਕਲੀਸੀਆ ਨੂੰ ਨਾਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ-ਅੰਦਰੋਂ ਅਤੇ ਬਾਹਰੋਂ। ਉਸੇ ਤਰ੍ਹਾਂ, ਸ਼ੈਤਾਨ ਤੁਹਾਨੂੰ ਵੀ ਅਸਾਨੀ ਨਾਲ ਨਹੀਂ ਛੱਡੇਗਾ। ਯਾਕੂਬ 4:7 ਨੂੰ ਫਿਰ ਤੋਂ ਵੇਖੋ: ਜੇ ''ਸ਼ੈਤਾਨ ਦਾ ਸਾਹਮਣਾ'' ਕਰਨਾ ਹੈ ਤਾਂ *ਪਹਿਲਾਂ* ਤੁਹਾਨੂੰ ''ਪ੍ਰਮੇਸ਼ਵਰ ਦੇ ਅਧੀਨ'' ਹੋਣਾ ਜ਼ਰੂਰੀ ਹੈ। ਤੁਸੀਂ ਆਪਣੇ ਦਮ ਤੇ ਸ਼ੈਤਾਨ ਨਾਲ ਮੁਕਾਬਲਾ ਨਹੀਂ ਕਰ ਸਕਦੇ; ਤੁਹਾਨੂੰ ਪ੍ਰਮੇਸ਼ਵਰ ਦੀ ਮਦਦ ਮਿਲੇ! ਜੇ ਤੁਸੀਂ ਆਪਣੀ ਜ਼ਿੰਦਗੀ ਪ੍ਰਭੂ ਨੂੰ ਨਹੀਂ ਦਿੱਤੀ, ਤਾਂ ਹੁਣੇ ਵੇਲਾ ਹੈ!

---

ਟਿੱਪਣੀਆਂ

[1]ਯੂਨਾਨੀ ਵਿਚ ਇੱਥੇ ''ਸਨਹੇਦ੍ਰਿਨ'' ਲਈ ਸ਼ਬਦ ਹੈ। ਆਇਤ ਵਿਚ ਇੱਥੇ ਸਭਾ ਦੇ *ਕਮਰਿਆਂ* ਦੀ ਗੱਲ ਕੀਤੀ ਲਗਦੀ ਹੈ। [2]ਟੀਕਾਕਾਰ ਹੈਰਾਨ ਹਨ ਕਿ ਲੂਕਾ ਨੇ ਇਸ ਬੰਦ ਕਮਰੇ ਦੀ ਗੱਲਬਾਤ ਨੂੰ ਕਿਵੇਂ ਜਾਣ ਲਿਆ। ਕੁਝ ਅੰਦਾਜ਼ਾ ਲਾਉਂਦੇ ਹਨ ਕਿ ਜਾਂ ਤਾਂ ਪੌਲੁਸ ਜਾਂ ਗਮਲੀਏਲ (ਪੌਲੁਸ ਦਾ ਗੁਰੂ) ਜਾਂ ਉਹ ਦੋਵੇਂ ਉੱਥੇ ਮੌਜੂਦ ਹੋਣਗੇ ਅਤੇ ਲੂਕਾ ਨੂੰ ਪੌਲੁਸ ਤੋਂ ਪਤਾ ਲੱਗਾ ਹੋਵੇਗਾ ਕਿ ਉੱਥੇ ਕੀ ਹੋਇਆ। ਹੋਰ ਇਹ ਟਿੱਪਣੀ ਕਰਦੇ ਹਨ ਕਿ ਬਾਅਦ ਵਿਚ ਵਿਸ਼ਵਾਸੀ ਬਣਨ ਵਾਲੇ ਯਾਜਕਾਂ (6:7) ਜਾਂ ਫ਼ਰੀਸੀਆਂ ਵਿੱਚੋਂ ਕੁਝ (15:5) ਉੱਥੇ ਮੌਜੂਦ ਹੋਣਗੇ। ਪਰ ਇਹ ਗੱਲ ਧਿਆਨ ਵਿਚ ਰੱਖਣ ਤੇ ਕਿ ਪੌਲੁਸ ਨੂੰ *ਪਵਿੱਤਰ ਆਤਮਾ* ਦੀ ਅਗਵਾਈ ਸੀ, ਸਭ ਅੜਚਨਾਂ ਦੂਰ ਹੋ ਜਾਂਦੀਆਂ ਹਨ। ਖ਼ੁਦਾ ਨੂੰ ਪਤਾ ਹੈ ਕਿ ਬੰਦ ਦਰਵਾਜ਼ਿਆਂ ਪਿੱਛੇ ਕੀ ਹੁੰਦਾ ਹੈ! [3]ਭਿਖਾਰੀ ਦੀ ਚੰਗਾਈ ਦੀ ਉਦਾਹਰਣ ਇਨ੍ਹਾਂ ਤਿੰਨਾਂ ਗੱਲਾਂ ਨੂੰ ਦਰਸਾਉਂਦੀ ਹੈ: ਪਰ-3:7; ਪੂਰੀ ਤਰ੍ਹਾਂ ਚੰਗਾਈ-4:10; ਵਿਸ਼ਵਾਸ ਕਰਨ ਲਈ ਮਜਬੂਰ ਕਰਨ ਵਾਲੀ-4:16. [4]ਪੁੱਠੇ ਵਿਚਾਰ ਵਾਲੇ ਲੋਕ ਦੂਜਿਆਂ ਨੂੰ ਵੀ ਪੁੱਠਾ ਹੀ ਵੇਖਣਾ ਚਾਹੁੰਦੇ ਹਨ। [5]''ਸ਼ੈਤਾਨ ਨੂੰ ਭੋਰਾ ਵੀ ਥਾਂ ਨਾ ਦਿਓ'' ਦਾ ਮਤਲਬ ਹੈ ''ਸ਼ੈਤਾਨ ਦੀ ਛੋਟੀ ਜਿਹੀ ਗੱਲ ਵੀ ਨਾ ਮੰਨੋ।'' ਇਸ ਵਿਚਾਰ ਨੂੰ ਤੁਸੀਂ ਆਪਣੇ ਇਲਾਕੇ ਦੀ ਲੋੜ ਮੁਤਾਬਕ ਪੇਸ਼ ਕਰ ਸਕਦੇ ਹੋ। [6]ਸਮਾਂ ਬੀਤਣ ਨਾਲ ਮੰਡਲੀਆਂ ਆਪਣੀ ਸੇਵਾ ਵੱਧ ਤੋਂ ਵੱਧ ਅਤੇ ਇੰਜੀਲ ਦਾ ਪ੍ਰਚਾਰ ਘੱਟ ਤੋਂ ਘੱਟ ਕਰਨ ਵਾਲੀਆਂ ਬਣ ਜਾਂਦੀਆਂ ਹਨ। ਇਸ ਨਾਲ ਸ਼ੈਤਾਨ ਦੇ ਮਕਸਦ ਬੜੀ ਅਸਾਨੀ ਨਾਲ ਹੱਲ ਹੋ ਜਾਂਦੇ ਹਨ। ਬਹੁਤ ਸਾਰੀਆਂ ਮੰਡਲੀਆਂ ਦੇ ਕੰਮ ਤੋਂ ਤਾਂ ਉਹਨੂੰ ਕੋਈ ਚਿੰਤਾ ਹੀ ਨਹੀਂ ਹੁੰਦੀ! [7]ਤੁਸੀਂ ਇਕ ਛੋਟੇ ਮੁੰਡੇ ਵਿਚ ਉਦਾਹਰਣ ਵਰਤ ਸਕਦੇ ਹੋ। ਇਹ ਘਟਨਾਵਾਂ ਕਲੀਸੀਆ ਦੇ ਬਾਲ ਕਾਲ ਵਿਚ ਵਾਪਰੀਆਂ। [8]ਮੇਰੇ ਇਕ ਕਲਾਸ ਤੋਂ ਇਹ ਪੁੱਛਣ ਤੇ ''ਜੇ ਉਨ੍ਹਾਂ ਨੇ ਉਨ੍ਹਾਂ ਦਾ ਹੁਕਮ ਮੰਨ ਲਿਆ ਹੁੰਦਾ ਤਾਂ ਕੀ ਹੁੰਦਾ?'' ਕਿਸੇ ਨੇ ਜਵਾਬ ਦਿੱਤਾ, ''ਸ਼ਾਇਦ ਅੱਜ ਅਸੀਂ ਇਨ੍ਹਾਂ ਗੱਲਾਂ ਦਾ ਅਧਿਐਨ ਕਰਨ ਲਈ ਇੱਥੇ ਨਾ ਬੈਠੇ ਹੁੰਦੇ!'' [9]ਜਦ ਉਹ ਯਿਸੂ ਨੂੰ ਫ਼ਸਾਉਣ ਦੀ ਕੋਸ਼ਿਸ਼ ਕਰਦੇ ਤਾਂ ਯਿਸੂ ਉਨ੍ਹਾਂ ਨੂੰ ਉਲਝਣ ਵਿਚ ਪਾ ਦਿੰਦਾ ਸੀ। ਮਸੀਹ ਦੀ ਜ਼ਿੰਦਗੀ ਤੋਂ ਇਸੇ ਤਰ੍ਹਾਂ ਦੇ ਹਲਾਤ ਲਈ, ਵੇਖੋ ਮੱਤੀ 21:24-27. [10]ਕਈਆਂ ਨੇ ਅੰਦਾਜ਼ਾ ਲਾਇਆ ਹੈ ਕਿ ਹੋ ਸਕਦਾ ਹੈ ਕਿ ਪਹਿਲਾਂ ਅਪਰਾਧ ਲਈ ਸਿਰਫ਼ ਚਿਤਾਵਨੀ ਦੇਣਾ ਹੀ ਸਭਾ ਦੀ ਨੀਤੀ ਹੋਵੇ। ਪਰ ਲਿਖਤ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜੇ ਅਜਿਹਾ ਕਰਨ ਦਾ ਜ਼ਰਾ ਕੁ ਵੀ ਬਹਾਨਾ ਮਿਲ ਜਾਂਦਾ ਅਤੇ ਜੇ ਲੋਕਾਂ ਦਾ ਡਰ ਨਾ ਹੁੰਦਾ ਤਾਂ ਸਭਾ ਰਸੂਲਾਂ ਨੂੰ ਸਜ਼ਾ ਦੇਣ ਵਿਚ ਬਿਲਕੁਲ ਦੇਰ ਨਾ ਲਾਉਂਦੀ।

[11]ਉਨ੍ਹਾਂ ਨੇ ਪਤਰਸ ਅਤੇ ਯੂਹੰਨਾ ਨੂੰ ਧਮਕਾਉਣ ਦੀ ਕੋਸ਼ਿਸ਼ ਕੀਤੀ, ਪਰ ਕਾਮਯਾਬ ਨਹੀਂ ਹੋਏ ਸਨ। ਉਲਟਾ, ਉਹ ਲੋਕਾਂ ਕਾਰਣ ਆਪ ਹੀ ਡਰ ਗਏ। [12]ਉਸ ਆਦਮੀ ਦੀ ਉਮਰ ਤੇ ਜੋਰ ਦਿੱਤਾ ਗਿਆ ਕਿਉਂਕਿ (1) ਉਹ ਐਨੇ ਸਮੇਂ ਤੋਂ ਭੀਖ ਮੰਗਦਾ ਸੀ ਕਿ ਹਰ ਕੋਈ ਉਹਨੂੰ ਜਾਣਦਾ ਸੀ, (2) ਉਹ ਉਸ ਉਮਰ ਨੂੰ ਲੰਘ ਚੁੱਕਿਆ ਸੀ ਜਿਸ ਵਿਚ ਕੁਦਰਤੀ ਤੌਰ ਤੇ ਚੰਗਾ ਹੋ ਸਕਦਾ ਸੀ, (3) ਇਸ ਤੋਂ ਬਿਨਾ ਕਿਸੇ ਸ਼ੱਕ ਦੇ ਇਹ ਸਾਬਤ ਹੋ ਗਿਆ ਕਿ ਅਸਲ 'ਚ ਮੋਅਜਜ਼ਾ ਹੋਇਆ ਹੈ। [13]ਫਿਰ, ਹੋ ਸਕਦਾ ਹੈ ਕਿ ਸਭਾ ਰਸੂਲਾਂ ਦੀ ਸ਼ਕਤੀ ਤੋਂ ਘਬਰਾ ਗਈ ਹੋਵੇ! [14]ਜ਼ਰੂਰੀ ਨਹੀਂ ਕਿ ਇਨ੍ਹਾਂ ਵਿੱਚੋਂ ਕੋਈ ਵੀ ਗਲਤ ਹੋਵੇ-ਜੇ ਅਸੀਂ ਉਨ੍ਹਾਂ ਨੂੰ ਧਿਆਨ ਵਿਚ ਰੱਖੀਏ। [15]''ਇਕ ਮਨ'' ਵਾਕਾਂਸ਼ ਰਸੂਲਾਂ ਦੇ ਕੰਮ ਕਿਤਾਬ ਵਿਚ ਲਗਭਗ ਇਕ ਦਰਜਨ ਵਾਰ ਆਇਆ ਹੈ। ਮੁਢਲੀ ਕਲੀਸੀਆ ਦੀ *ਏਕਤਾ* ਉਨ੍ਹਾਂ ਦੀ ਕਾਮਯਾਬੀ ਦੇ ''ਰਹੱਸ ਦਾ'' ਇਕ ਭਾਗ ਸੀ! [16]ਭਾਵੇਂ ਲਿਖਤ ਵਿਚ ਕਿਹਾ ਗਿਆ ਹੈ ਕਿ ''*ਉਨ੍ਹਾਂ ਨੇ* ... ਉੱਚੀ ਅਵਾਜ਼ ਨਾਲ ... ਆਖਿਆ,'' ਇਕ ਆਦਮੀ ਵੱਲੋਂ ਸਭ ਦੀਆਂ ਭਾਵਨਾਵਾਂ ਨੂੰ ਦੱਸਣ ਦਾ ਆਮ ਢੰਗ ਅਪਣਾਇਆ

ਹੋਵੇਗਾ, ਜਿਸ ਵਿਚ ਸਭ ਮਿਲ ਕੇ ਆਪਣੇ ਵੱਲੋਂ ''ਆਮੀਨ'' ਜੋੜ ਦਿੰਦੇ ਹਨ। [17]ਪ੍ਰਾਰਥਨਾਵਾਂ ਇਕ ਰਸਮ ਨਾ ਹੋ ਕੇ ਜਵਾਬ ਹੋਣੀਆਂ ਚਾਹੀਦੀਆਂ ਹਨ। ਆਪਣੀਆਂ ਦੁਆਵਾਂ ਵਿਚ ਬਾਰ ਬਾਰ ਉਨ੍ਹਾਂ ਵਾਕਾਂਸ਼ਾਂ ਦੀ ਵਰਤੋਂ ਕਰਨ ਵਿਚ ਚੌਕਸੀ ਵਰਤੋ। ਤੁਹਾਡੀਆਂ ਦੁਆਵਾਂ ਮੌਕੇ ਦੇ ਮੁਤਾਬਕ ਹੋਣ। [18]''ਜੋ'' ਵਿਚ ਮਨੁੱਖ ਵੀ ਸ਼ਾਮਲ ਹੈ। ਮਨੁੱਖ ਨੂੰ ਪ੍ਰਮੇਸ਼ਵਰ ਨੇ ਰਚਿਆ; ਮਨੁੱਖ ਕੁਦਰਤੀ ਪ੍ਰਕ੍ਰਿਆਵਾਂ ਨਾਲ ਵਿਕਸਿਤ ਨਹੀਂ ਹੋਇਆ ਹੈ। [19]ਅੱਜ ਵਾਂਗ, ਉਸ ਸਮੇਂ ਵੀ ''ਜ਼ਾਲਮ ਹਾਕਮ'' ਦਾ ਅਰਥ ਚੰਗਾ ਨਹੀਂ ਸਮਝਿਆ ਜਾਂਦਾ ਸੀ ਅਤੇ ਇਸ ਕਰਕੇ ਇਸ ਨੂੰ ਪ੍ਰਮੇਸ਼ਵਰ ਲਈ ਕਿਤੇ ਨਹੀਂ ਵਰਤਿਆ ਜਾਂਦਾ ਸੀ। ਪਰ ਇਸ ਖ਼ਾਸ ਮਾਮਲੇ ਵਿਚ, ਨਵੇਕਲੇ ਢੰਗ ਨਾਲ ਮਜ਼ਬੂਤ ਹੋਣ ਕਾਰਣ ਇਹ ਸ਼ਬਦ ਜ਼ਿਆਦਾ ਢੁਕਵਾਂ ਸੀ। [20]ਇੱਥੇ ਵੀ ਲਿਖਤ ਦਾ ਹਵਾਲਾ ਦੇਣ ਦੀ ਉਦਾਹਰਣ ਹੈ ਪਰ ਇਸ ਦੀ ਅੱਤ ਨਾ ਕਰੋ। ਦੁਆ ਪ੍ਰਚਾਰ ਕਰਨ ਦਾ ਵਸੀਲਾ ਨਹੀਂ ਹੈ।

[21]ਆਤਮਾ ਦੀ ਪ੍ਰੇਰਣਾ ਲਈ ਇੱਥੇ ਇਕ ਹੋਰ ਮਹੱਤਵਪੂਰਣ ਹਵਾਲਾ ਹੈ। ਧਿਆਨ ਦਿਓ ਕਿ ਇਹ ਸਾਨੂੰ ਦੱਸਦਾ ਹੈ ਕਿ ਜ਼ਬੂਰ 2 ਕਿਹਨੇ ਲਿਖਿਆ। [22]ਅਨੁਵਾਦਤ ਸ਼ਬਦ ''ਦੰਡ'' ਦੀ ਵਰਤੋਂ ਇਕ ਜੋਸ਼ੀਲੇ ਘੋੜੇ ਦੇ ਹਿਣਕਣ ਲਈ ਕੀਤੀ ਜਾਂਦੀ ਸੀ ਜਿਸ ਨੂੰ, ਅੜੀਆਂ ਦੇ ਬਾਵਜੂਦ, ਅਖੀਰ ਲਗਾਮ ਦੇ ਕਾਬੂ ਵਿਚ ਆਉਣਾ ਹੀ ਪੈਂਦਾ ਸੀ। [23]ਜ਼ਿਆਦਾਤਰ ਟੀਕਾਕਾਰ ਟਿੱਪਣੀ ਕਰਦੇ ਹਨ ਕਿ ਮੂਲ ਯੂਨਾਨੀ ਵਿਚ ਆਇਤ 25 ਦੇ ਸ਼ਬਦ ਉਲਝਾਉਣ ਵਾਲੇ ਹਨ। ਪਰ ਇਹਦਾ ਅਰਥ ਕਾਫ਼ੀ ਸਪਸ਼ਟ ਹੈ। [24]''ਸ਼ਾਹੀ ਜ਼ਬੂਰ'' ਕੁਝ ਖ਼ਾਸ ਜ਼ਬੂਰਾਂ ਦਾ ਨਾਮ ਰੱਖਣ ਦਾ ਇਕ ਢੰਗ ਹੈ ਜੋ ਇਸਰਾਏਲ ਦੇ ਤਖ਼ਤ ਨਾਲ ਜੁੜੇ ਹੋਏ ਹਨ। ਯਹੂਦੀਆਂ ਵੱਲੋਂ ਇਨ੍ਹਾਂ ਵਿੱਚੋਂ ਜ਼ਿਆਦਾਤਰ ਦੀ ਵਰਤੋਂ ਇਕ ਨਵੇਂ ਰਾਜਾ ਦੇ ਗੱਦੀ ਤੇ ਬੈਠਣ ਸਮੇਂ ਕੀਤੀ ਜਾਂਦੀ ਸੀ। [25]ਫ਼ਲਸਤੀਆਂ ਨੇ ਦੇਸ਼ ਤੇ ਉਦੋਂ ਹਮਲਾ ਕੀਤਾ ਜਦ ਦਾਊਦ ਨੂੰ ਪੂਰੇ ਇਸਰਾਏਲ ਤੇ ਰਾਜਾ ਬਣਾਇਆ ਗਿਆ ਸੀ। [26]ਜ਼ਬੂਰ ਲਿਖਣ ਵਾਲੇ ਨੇ ਇਹ ਐਲਾਨ ਕੀਤਾ ਕਿ ਪ੍ਰਮੇਸ਼ਵਰ ਦੇ ਮਸੀਹ ਤੇ ਕਿਸੇ ਤਰ੍ਹਾਂ ਦਾ ਹਮਲਾ ਅਸਲ 'ਚ ਖੁਦ ਪ੍ਰਮੇਸ਼ਵਰ ਦੇ ਹਮਲਾ ਸੀ ਅਤੇ ਜੋ ਕੋਈ ਵੀ ਪ੍ਰਮੇਸ਼ਵਰ ਨੂੰ ਚੁਣੌਤੀ ਦੇਵੇ, ਉਸ ਨੂੰ ਮੌਤ ਹੀ ਮਿਲੇਗੀ। ਰਸੂਲਾਂ ਨੇ ਵੀ ਇਹ ਮਹਿਸੂਸ ਕੀਤਾ ਕਿ ਉਨ੍ਹਾਂ ਦਾ ਕਿਸੇ ਤਰ੍ਹਾਂ ਦਾ ਹਮਲਾ ਅਸਲ 'ਚ ਯਿਸੂ ਤੇ ਹੀ ਹਮਲਾ ਸੀ ਅਤੇ ਉਸ ਵਿਚ ਵੀ ਹਮਲਾ ਕਰਨ ਵਾਲੇ ਨੂੰ ਹਾਰ ਹੀ ਮਿਲਣੀ ਸੀ! [27]ਰਸੂਲਾਂ ਦੇ ਕੰਮ 3:13 ਵਿਚ ਵਰਤੇ ਸ਼ਬਦ ''ਸੇਵਕ'' ਤੇ ਟਿੱਪਣੀਆਂ ਵੇਖੋ। [28]ਯਿਸੂ ਨੂੰ ਇਸਰਾਏਲ ਦੇ ਰਾਜਿਆਂ ਵਾਂਗ ਤੇਲ ਨਾਲ ਮਸਹ ਨਹੀਂ ਕੀਤਾ ਗਿਆ ਸੀ। ਸਗੋਂ ਬਪਤਿਸਮੇ ਸਮੇਂ ਉਹਨੂੰ ਪਵਿੱਤਰ ਆਤਮਾ ਨਾਲ ਮਸਹ ਕੀਤਾ ਗਿਆ ਸੀ (ਮੱਤੀ 3:16, 17; ਰਸੂਲਾਂ ਦੇ ਕੰਮ 10:37, 38)। [29]ਪੁਰਾਣੇ ਨੇਮ ਵਿਚ ਇਸਰਾਏਲ ਦੇ ਆਲੇ ਦੁਆਲੇ ਦੀਆਂ ਮੂਰਤੀਪੂਜਕ ਕੌਮਾਂ ਲਈ ''ਲੋਕ'' ਸ਼ਬਦ ਵਰਤਿਆ ਜਾਂਦਾ ਸੀ। ਰਸੂਲਾਂ ਨੇ ''ਲੋਕਾਂ'' ਸ਼ਬਦ ਇਸਰਾਏਲ ਲਈ ਵਰਤਿਆ। [30]ਰਸੂਲਾਂ ਦੇ ਕੰਮ 2:23 ਤੇ ਟਿੱਪਣੀਆਂ ਵੇਖੋ।

[31]ਜੇ ਤੁਸੀਂ ਇਸ ਸਮੱਗਰੀ ਦੀ ਵਰਤੋਂ ਕਲਾਸ ਲਈ ਕਰਦੇ ਹੋ ਤਾਂ ਤੁਸੀਂ ਕਲਾਸ ਦੇ ਲੋਕਾਂ ਤੋਂ ਪੁੱਛ ਸਕਦੇ ਹੋ ਕਿ ਉਨ੍ਹਾਂ ਨੇ ਕਿਹਦੇ ਲਈ ਦੁਆ ਕੀਤੀ। [32]ਅਜਿਹੀ ਹੀ ਇਕ ਦੁਆ ਲਈ, ਵੇਖੋ 2 ਰਾਜਿਆਂ 19:14-19; ਯਸਾਯਾਹ 37:17. ''ਲਿਖ ਲਓ ਅਤੇ ਉਸੇ ਮੁਤਾਬਕ ਕੰਮ ਕਰੋ'' ਦਾ ਨਿਯਮ ਲਾਗੂ ਹੁੰਦਾ ਹੈ। [33]ਉਨ੍ਹਾਂ ਨੇ ਦਾਊਦ ਅਤੇ ਯਿਸੂ ਨੂੰ ''ਸੇਵਕ'' ਕਿਹਾ (ਆਇਤਾਂ 25, 27, 30), ਪਰ ਆਪਣੇ ਆਪ ਨੂੰ ''ਗੁਲਾਮ'' ਜਾਂ ''ਦਾਸ।'' [34]ਕਈ ਲੋਕਾਂ ਨੇ ਅੰਦਾਜਾ ਲਾਇਆ ਹੈ ਕਿ ''ਉਹ ਥਾਂ'' 1:13 ਵਾਲਾ ਉਹ ''ਚੁਬਾਰਾ'' ਹੀ ਹੋਵੇਗਾ, ਪਰ ਉਦੋਂ ਤੋਂ ਉਹ ਉਹਦੇ ਕੋਲੋਂ ਦੀ ਹੀ ਲੰਘ ਰਹੇ ਸਨ, ਇਸ ਲਈ ਇਹ ਵਿਸ਼ਵਾਸ ਕਰਨ ਦਾ ਕੋਈ ਕਾਰਣ ਨਹੀਂ ਹੈ ਕਿ ਉਹ ਅਜੇ ਵੀ ਉਸੇ ਕਮਰੇ ਵਿਚ ਇਕੱਠੇ ਹੁੰਦੇ ਹੋਣ। ਇਹ ਹੈਕਲ ਵਿਚ ਸੁਲੇਮਾਨ ਦੇ ਦਲਾਨ ਵਿਚ ਜਾਂ ਉਹਦੇ ਨੇੜੇ ਕੋਈ ਕਮਰਾ ਹੋ ਸਕਦਾ ਹੈ (5:12)। ਸਾਨੂੰ ਅਸਲ 'ਚ ਇਹ ਪਤਾ ਨਹੀਂ ਹੈ ਕਿ ਇਹ ਕਿੱਥੇ ਸੀ। [35]ਜਿਵੇਂ ਪਹਿਲਾਂ ਵੀ ਟਿੱਪਣੀ ਕੀਤੀ ਗਈ ਸੀ ਕਿ ਰਸੂਲਾਂ ਦੇ ਕੰਮ 2 ਵਾਲਾ ਪੈਂਟੀਕਾਸਟ ਇੱਕੋ ਵਾਰ ਹੋਣ ਵਾਲੀ ਘਟਨਾ ਸੀ। [36]''ਪਵਿੱਤਰ ਆਤਮਾ ਨਾਲ ਭਰਪੂਰ'' ਹੋਣ ਦਾ ਸਿੱਧਾ ਮਤਲਬ ਹੈ ਕਿ ''ਪਵਿੱਤਰ ਆਤਮਾ ਦੇ ਵੱਸ ਵਿਚ।'' ਜੇ ਉੱਥੇ ਮੌਜੂਦ ਸਮੂਹ ਵਿਚ ਰਸੂਲਾਂ ਦੇ ਇਲਾਵਾ ਹੋਰ ਲੋਕ ਸਨ ਤਾਂ ਇਹ ਵਾਕਾਂਸ਼ ਅਫ਼ਸੀਆਂ 5:18 ਦੇ ਗੈਰ ਚਮਤਕਾਰੀ ਅਰਥ ਵਿਚ ਵਰਤਿਆ ਜਾਂਦਾ ਹੈ: ਆਪਣੀ ਇੱਛਾ ਨੂੰ ਪ੍ਰਮੇਸ਼ਵਰ ਅੱਗੇ ਸੌਂਪ ਕੇ ਉਸ ਨੂੰ ਆਪਣੀ ਜ਼ਿੰਦਗੀ ਤੇ ਕਾਬੂ ਪਾਉਣ ਦੀ ਇਜਾਜ਼ਤ (ਜਿਵੇਂ ਨਵੇਂ ਨੇਮ ਵਿਚ ਦੱਸਿਆ ਗਿਆ ਹੈ) ਜਦ ਅਸੀਂ ਆਤਮਾ ਦੇ ਅਧੀਨ ਹੋ ਜਾਂਦੇ ਹਾਂ, ਤਾਂ ਉਹ ਸਾਡੀਆਂ ਜ਼ਿੰਦਗੀਆਂ ਨੂੰ ਭਰਪੂਰ ਕਰ ਦਿੰਦਾਂ ਹੈ ਅਤੇ ਆਤਮਾ ਦਾ ਫ਼ਲ ਮਿਲਦਾ ਹੈ (ਗਲਾਤੀਆਂ 5:22, 23)। ਇਸ ਘਟਨਾ ਵਿਚ ਆਤਮਾ ਦੀ ਮੌਜੂਦਗੀ ਦਾ ਪ੍ਰਦਰਸ਼ਣ ਇਹ ਸੀ ਕਿ *ਉਨ੍ਹਾਂ ਨੇ* ਬੜੀ ਦਲੇਰੀ ਨਾਲ ਵਚਨ ਸੁਣਾਇਆ। ਦੂਜੇ ਸ਼ਬਦਾਂ ਵਿਚ, ਲਿਖਤ ਆਤਮ ਤੌਰ ਤੇ ਮਸੀਹੀ ਲੋਕਾਂ ਲਈ ਵੀ ਹੋ ਸਕਦੀ ਹੈ ਸਿਰਫ਼ ਰਸੂਲਾਂ ਲਈ ਨਹੀਂ। ਪਰ ਮੇਰਾ ਮੰਨਣਾ ਹੈ ਕਿ ਪਤਰਸ ਨੇ ਅਪਾਣੇ ਨਾਲ ਦੇ ਰਸੂਲਾਂ ਨੂੰ ਲੱਭਿਆ ਕਿ ਦੁਆ ਕਰਨ ਵਾਲੇ ਉਹੀ ਹਨ, ਕਿ ਉਹੀ ਹਨ ਜੋ ਪਵਿੱਤਰ ਆਤਮਾ ਨਾਲ ਭਰਪੂਰ ਸਨ, ਅਤੇ ਇਹ ਕਿ ਉਹ ਮਜ਼ਬੂਤੀ ਨਾਲ ਵਚਨ ਸੁਣਾਉਣ

ਲੱਗੇ। ਹੁਣ ਤਕ, ਲੂਕਾ ਨੇ ਸਿਰਫ਼ ਇਹੀ ਲਿਖਿਆ ਸੀ ਕਿ ਸਤਾਅ ਵਿਚ ਪਤਰਸ ਅਤੇ ਯੂਹੰਨਾ ਦਲੇਰੀ ਨਾਲ ਬੋਲੇ। ਹੁਣ ਉਹਨੇ ਲਿਖਿਆ ਕਿ *ਸਾਰੇ* ਰਸੂਲਾਂ ਨੇ ਉਵੇਂ ਹੀ ਕੀਤਾ।[37]ਯਾਨੀ, ਉਹ ਕਲੀਸੀਆ ਦੇ ਲੋਕਾਂ ਨੂੰ ਹਿਲਾ ਸਕਦਾ ਹੈ।